**ਨਗਰ ਨਿਗਮ, ਬਠਿੰਡਾ।**

**ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 06.09.2023 ਨੂੰ ਸਵੇਰੇ 10.30 ਵਜੇ**

ਅੱਜ ਮਿਤੀ 06.09.2023 ਨੂੰ ਸਵੇਰੇ 10.30 ਵਜੇ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਅਮਨਦੀਪ ਕੋਰ | 1 | ਕੌਂਸਲਰ |
| 2 | ਬਲਜੀਤ ਕੋਰ | 3 | ਕੌਂਸਲਰ |
| 3 | ਸੁਖਦੇਵ ਸਿੰਘ | 4 | ਕੌਂਸਲਰ |
| 4 | ਸੋਨੀਆ | 5 | ਕੌਂਸਲਰ |
| 5 | ਬੇਅੰਤ ਸਿੰਘ ਰੰਧਾਵਾ | 6 | ਕੌਂਸਲਰ |
| 6 | ਹਰਪਾਲ ਸਿੰਘ ਢਿੱਲੋਂ | 8 | ਕੌਂਸਲਰ |
| 7 | ਵੀਰਪਾਲ ਕੋਰ | 9 | ਕੌਂਸਲਰ |
| 8 | ਬਲਜੀਤ ਸਿੰਘ ਸਰਾਂ | 10 | ਕੌਂਸਲਰ |
| 9 | ਗੁਰਿੰਦਰ ਕੋਰ | 11 | ਕੌਂਸਲਰ |
| 10 | ਵਿਵੇਕ ਗਰਗ | 14 | ਕੌਂਸਲਰ |
| 11 | ਮਨਜੀਤ ਕੋਰ | 15 | ਕੌਂਸਲਰ |
| 12 | ਬਲਰਾਜ ਸਿੰਘ | 16 | ਕੌਂਸਲਰ |
| 13 | ਵਿਕਰਮ ਕ੍ਰਾਂਤੀ | 18 | ਕੌਂਸਲਰ |
| 14 | ਸ਼ੀਲਾ ਰਾਣੀ | 19 | ਕੌਂਸਲਰ |
| 15 | ਮੱਖਣ ਸਿੰਘ | 20 | ਕੌਂਸਲਰ |
| 16 | ਸੰਤੋਸ਼ ਕੁਮਾਰੀ ਮਹੰਤ | 21 | ਕੌਂਸਲਰ |
| 17 | ਸੁਰੇਸ਼ ਚੋਹਾਨ | 22 | ਕੌਂਸਲਰ |
| 18 | ਸ਼ਾਮ ਲਾਲ ਗਰਗ | 24 | ਕੌਂਸਲਰ |
| 19 | ਸੰਦੀਪ ਕੁਮਾਰ | 26 | ਕੌਂਸਲਰ |
| 20 | ਹਰਮੰਦਰ ਸਿੰਘ | 28 | ਡਿਪਟੀ ਮੇਅਰ |
| 21 | ਬਲਜਿੰਦਰ ਸਿੰਘ | 30 | ਕੌਂਸਲਰ |
| 22 | ਪ੍ਰਵੀਨ ਗਰਗ | 31 | ਕੌਂਸਲਰ |
| 23 | ਨੇਹਾ | 33 | ਕੌਂਸਲਰ |
| 24 | ਜਸਵੀਰ ਸਿੰਘ | 34 | ਕੌਂਸਲਰ |
| 25 | ਹਰਵਿੰਦਰ ਸਿੰਘ | 36 | ਕੌਂਸਲਰ |
| 26 | ਅਸ਼ੋਕ ਕੁਮਾਰ | 37 | ਸੀਨੀਅਰ ਡਿਪਟੀ ਮੇਅਰ |
| 27 | ਪੁਸ਼ਪਾ ਰਾਣੀ | 39 | ਕੌਂਸਲਰ |
| 28 | ਆਤਮਾ ਸਿੰਘ | 40 | ਕੌਂਸਲਰ |
| 29 | ਕੁਲਵਿੰਦਰ ਕੋਰ | 41 | ਕੌਂਸਲਰ |
| 30 | ਸੁਖਰਾਜ ਸਿੰਘ ਔਲਖ | 42 | ਕੌਂਸਲਰ |
| 31 | ਇੰਦਰਜੀਤ ਸਿੰਘ | 44 | ਕੌਂਸਲਰ |
| 32 | ਰਾਜ ਰਾਣੀ | 45 | ਕੌਂਸਲਰ |
| 33 | ਰਤਨ ਰਾਹੀ | 46 | ਕੌਂਸਲਰ |
| 34 | ਮਮਤਾ | 47 | ਕੌਂਸਲਰ |
| 35 | ਕਮਲੇਸ਼ ਮਹਿਰਾ | 49 | ਕੌਂਸਲਰ |
| 36 | ਮਲਕੀਤ ਸਿੰਘ ਗਿੱਲ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਮਾਨਯੋਗ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਸ਼੍ਰੀ ਉਮੇਸ਼ ਗਰਗ, ਮਿਉਂਸਪਲ ਕੌਂਸਲਰ, ਵਾਰਡ ਨੰਬਰ 32 ਦੇ ਮਾਤਾ ਸ਼੍ਰੀਮਤੀ ਉਸ਼ਾ ਰਾਣੀ ਧਰਮ ਪਤਨੀ ਸ਼੍ਰੀ ਭਗਵਾਨ ਦਾਸ ਗਰਗ ਜੀ ਦੇ ਅਕਾਲ ਚਲਾਣਾ ਕਰ ਜਾਣ ਦੇ ਨਮਿਤ ਸ਼ੋਕ ਮਤਾ ਪਾਉਣ ਦੀ ਮੰਗ ਕੀਤੀ ਅਤੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਦੋ ਮਿਨਟ ਦਾ ਮੋਨ ਧਾਰਨ ਕਰਨ ਦੀ ਬੇਨਤੀ ਕੀਤੀ।

ਮਤਾ ਨੰਬਰ 238: **ਹਾਊਸ ਵੱਲੋਂ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਦੋ ਮਿਨਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ।**
**ਇਸ ਉਪਰੰਤ ਮੀਟਿੰਗ 15 ਮਿਨਟ ਦੇ ਸਮੇਂ ਲਈ ਮੁਲਤਵੀ ਕੀਤੀ ਗਈ।**

ਸਹੀ/-
**ਮੇਅਰ**
**ਨਗਰ ਨਿਗਮ, ਬਠਿੰਡਾ।**

# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 06.09.2023 ਨੂੰ ਸਵੇਰੇ 10.45 ਵਜੇ

ਅੱਜ ਮਿਤੀ 06.09.2023 ਨੂੰ ਸਵੇਰੇ 10.45 ਵਜੇ ਸ੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੁਲਤਵੀ ਕੀਤੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ੍ਰੀ/ਸ੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਅਮਨਦੀਪ ਕੋਰ | 1 | ਕੌਂਸਲਰ |
| 2 | ਬਲਜੀਤ ਕੋਰ | 3 | ਕੌਂਸਲਰ |
| 3 | ਸੁਖਦੇਵ ਸਿੰਘ | 4 | ਕੌਂਸਲਰ |
| 4 | ਸੋਨੀਆ | 5 | ਕੌਂਸਲਰ |
| 5 | ਬੇਅੰਤ ਸਿੰਘ ਰੰਧਾਵਾ | 6 | ਕੌਂਸਲਰ |
| 6 | ਹਰਪਾਲ ਸਿੰਘ ਢਿੱਲੋਂ | 8 | ਕੌਂਸਲਰ |
| 7 | ਵੀਰਪਾਲ ਕੋਰ | 9 | ਕੌਂਸਲਰ |
| 8 | ਬਲਜੀਤ ਸਿੰਘ ਸਰਾਂ | 10 | ਕੌਂਸਲਰ |
| 9 | ਗੁਰਿੰਦਰ ਕੋਰ | 11 | ਕੌਂਸਲਰ |
| 10 | ਵਿਵੇਕ ਗਰਗ | 14 | ਕੌਂਸਲਰ |
| 11 | ਮਨਜੀਤ ਕੋਰ | 15 | ਕੌਂਸਲਰ |
| 12 | ਬਲਰਾਜ ਸਿੰਘ | 16 | ਕੌਂਸਲਰ |
| 13 | ਵਿਕਰਮ ਕ੍ਰਾਂਤੀ | 18 | ਕੌਂਸਲਰ |
| 14 | ਸ਼ੀਲਾ ਰਾਣੀ | 19 | ਕੌਂਸਲਰ |
| 15 | ਮੱਖਣ ਸਿੰਘ | 20 | ਕੌਂਸਲਰ |
| 16 | ਸੰਤੋਸ਼ ਕੁਮਾਰੀ ਮਹੰਤ | 21 | ਕੌਂਸਲਰ |
| 17 | ਸੁਰੇਸ਼ ਚੋਹਾਨ | 22 | ਕੌਂਸਲਰ |
| 18 | ਸ਼ਾਮ ਲਾਲ ਗਰਗ | 24 | ਕੌਂਸਲਰ |
| 19 | ਸੰਦੀਪ ਕੁਮਾਰ | 26 | ਕੌਂਸਲਰ |
| 20 | ਹਰਮੰਦਰ ਸਿੰਘ | 28 | ਡਿਪਟੀ ਮੇਅਰ |
| 21 | ਬਲਜਿੰਦਰ ਸਿੰਘ | 30 | ਕੌਂਸਲਰ |
| 22 | ਪ੍ਰਵੀਨ ਗਰਗ | 31 | ਕੌਂਸਲਰ |
| 23 | ਨੇਹਾ | 33 | ਕੌਂਸਲਰ |
| 24 | ਜਸਵੀਰ ਸਿੰਘ | 34 | ਕੌਂਸਲਰ |
| 25 | ਹਰਵਿੰਦਰ ਸਿੰਘ | 36 | ਕੌਂਸਲਰ |
| 26 | ਅਸ਼ੋਕ ਕੁਮਾਰ | 37 | ਸੀਨੀਅਰ ਡਿਪਟੀ ਮੇਅਰ |
| 27 | ਪੁਸ਼ਪਾ ਰਾਣੀ | 39 | ਕੌਂਸਲਰ |
| 28 | ਆਤਮਾ ਸਿੰਘ | 40 | ਕੌਂਸਲਰ |
| 29 | ਕੁਲਵਿੰਦਰ ਕੋਰ | 41 | ਕੌਂਸਲਰ |
| 30 | ਸੁਖਰਾਜ ਸਿੰਘ ਔਲਖ | 42 | ਕੌਂਸਲਰ |
| 31 | ਇੰਦਰਜੀਤ ਸਿੰਘ | 44 | ਕੌਂਸਲਰ |
| 32 | ਰਾਜ ਰਾਣੀ | 45 | ਕੌਂਸਲਰ |
| 33 | ਰਤਨ ਰਾਹੀ | 46 | ਕੌਂਸਲਰ |
| 34 | ਮਮਤਾ | 47 | ਕੌਂਸਲਰ |
| 35 | ਕਮਲੇਸ਼ ਮਹਿਰਾ | 49 | ਕੌਂਸਲਰ |
| 36 | ਮਲਕੀਤ ਸਿੰਘ ਗਿੱਲ | 50 | ਕੌਂਸਲਰ |

ਮੀਟਿੰਗ ਵਿੱਚ ਸ੍ਰੀਮਤੀ ਸ਼ੈਰੀ ਗੋਇਲ, ਮਿਉਂਸਪਲ ਕੌਂਸਲਰ, ਵਾਰਡ ਨੰਬਰ 7 ਨੇ ਮੀਟਿੰਗ ਵਿੱਚ ਹਿੱਸਾ ਲੈਣ ਦੇ ਬਾਵਜੂਦ ਵੀ ਹਾਜ਼ਰੀ ਲਗਾਉਣ ਤੋਂ ਮਨਾਹੀ ਕਰ ਦਿੱਤੀ।

ਮੀਟਿੰਗ ਦੇ ਸ਼ੁਰੂ ਵਿੱਚ ਮਾਨਯੋਗ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਅੱਜ ਦੀ ਮੀਟਿੰਗ ਵਿੱਚ ਪਹਿਲੀ ਵਾਰ ਡਿਪਟੀ ਕਮਿਸ਼ਨਰ, ਬਠਿੰਡਾ - ਕਮ- ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਦੇ ਭਾਗ ਲੈਣ ਤੇ ਸਮੁੱਚੇ ਹਾਊਸ ਦੀ ਤਰਫੋਂ ਉਹਨਾਂ ਨੂੰ ਜੀ ਆਇਆ ਆਖਿਆ ਅਤੇ ਅੱਜ ਦੀ ਕਾਰਵਾਈ ਸ਼ੁਰੂ ਕਰਨ ਦੀ ਆਗਿਆ ਦਿੱਤੀ।

ਮੀਟਿੰਗ ਦੇ ਸ਼ੁਰੂ ਹੁੰਦੇ ਹੀ ਸ੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ, ਵਾਰਡ ਨੰਬਰ 10 ਨੇ ਕਿਹਾ ਕਿ ਹਾਊਸ ਦੀ ਮੀਟਿੰਗ ਦੁਪਹਿਰ 2.00 ਵਜੇ ਤੋਂ ਬਾਦ ਕੀਤੀ ਜਾਇਆ ਕਰੇ।

ਸ਼੍ਰੀ ਬਲਜਿੰਦਰ ਸਿੰਘ, ਕੌਂਸਲਰ, ਵਾਰਡ ਨੰਬਰ 30 ਨੇ ਰੋਸ ਜਤਾਇਆ ਕਿ ਇਸ ਏਜੰਡੇ ਵਿੱਚ ਵਿਕਾਸ ਦੇ ਕੰਮ ਕਿਉਂ ਪਾਏ ਗਏ ਹਨ, ਜਦਕਿ ਪਹਿਲਾਂ ਪਾਸ ਕੀਤੇ ਗਏ ਵਿਕਾਸ ਦੇ ਕੰਮਾਂ ਨੂੰ ਅਜੇ ਸ਼ੁਰੂ ਹੀ ਨਹੀਂ ਕੀਤਾ ਗਿਆ।

ਸ਼੍ਰੀ ਮਲਕੀਤ ਸਿੰਘ, ਕੌਂਸਲਰ, ਵਾਰਡ ਨੰਬਰ 50 ਨੇ ਆਪਣੇ ਵਾਰਡ ਦੇ ਵਸਨੀਕਾਂ ਨਾਲ ਪੇਸ਼ ਹੋ ਕੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਨਗਰ ਨਿਗਮ ਵੱਲੋਂ ਕੋਈ ਵੀ ਵਿਕਾਸ ਦਾ ਕੰਮ ਨਹੀਂ ਕਰਵਾਇਆ ਗਿਆ। ਉਹਨਾਂ ਰੋਸ ਜਤਾਉਂਦੇ ਹੋਏ ਕਿਹਾ ਕਿ ਪਹਿਲਾਂ ਵੀ ਵਿਕਾਸ ਦੇ ਕੰਮ ਕਰਵਾਉਣ ਸਬੰਧੀ ਦਰਖਾਸਤਾਂ ਦਿੱਤੀਆਂ ਗਈਆਂ ਹਨ, ਪਰੰਤੂ ਕਿਸੇ ਵੀ ਅਧਿਕਾਰੀ ਵੱਲੋਂ ਮੌਕਾ ਵੀ ਨਹੀਂ ਦੇਖਿਆ ਗਿਆ। ਉਹਨਾਂ ਇਹ ਵੀ ਦਸਿਆ ਕਿ ਉਹਨਾਂ ਦੇ ਵਾਰਡ ਦੀਆਂ ਤਿੰਨ ਗਲੀਆਂ ਵਿੱਚ ਸੀਵਰ ਨਾ ਪਾਉਣ ਕਰਕੇ ਲੋਕਾਂ ਵੱਲੋਂ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਤੋਂ ਇਲਾਵਾ ਵਾਰਡ ਵਿਖੇ ਕੁੱਝ ਗਲੀਆਂ ਵਿੱਚ ਸੜ੍ਹਕਾਂ ਵੀ ਬਣਨ ਵਾਲੀਆਂ ਹਨ। ਉਹਨਾਂ ਮੰਗ ਕੀਤੀ ਕਿ ਉਹਨਾਂ ਨੂੰ ਵਿਸ਼ਵਾਸ ਦਿਵਾਇਆ ਜਾਵੇ ਕਿ ਕੰਮ ਕਦੋਂ ਸ਼ੁਰੂ ਕੀਤੇ ਜਾਣਗੇ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਕਿਸੇ ਵੀ ਏਰੀਏ ਵਿੱਚ ਕੋਈ ਵੀ ਕੰਮ ਕਰਵਾਉਣ ਸਬੰਧੀ ਰਾਜਨੀਤਿ ਨਾ ਕੀਤੀ ਜਾਵੇ।ਉਹਨਾਂ ਕਿਹਾ ਕਿ ਉਨ੍ਹਾਂ ਦੇ ਏਰੀਏ ਵਿੱਚ ਜੋ ਵੀ ਵਿਕਾਸ ਦੇ ਕੰਮ ਹੋਣ ਵਾਲੇ ਹੋਣਗੇ, ਉਹਨਾਂ ਦੀ ਸਮੀਖਿਆ ਕਰਕੇ ਕਰਵਾ ਦਿੱਤੇ ਜਾਣਗੇ। ਉਹਨਾਂ ਇਹ ਵੀ ਵਿਸ਼ਵਾਸ ਦਿਵਾਇਆ ਕਿ ਵਿਕਾਸ ਦੇ ਹੋਣ ਵਾਲੇ ਕੰਮਾਂ ਦੀ Priority list ਬਣਾ ਕੇ ਅਤੇ ਮਿਉਂਸਪਲ ਫੰਡਜ਼ ਦੀ ਪੁਜੀਸ਼ਨ ਨੂੰ ਦੇਖਦੇ ਹੋਏ ਜਲਦ ਹੀ ਵਿਕਾਸ ਦੇ ਕੰਮ ਕਰਵਾ ਦਿੱਤੇ ਜਾਣਗੇ।** ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਦਸਿਆ ਕਿ ਸ਼ਹਿਰ ਵਿੱਚ ਪਾਣੀ ਅਤੇ ਸੀਵਰੇਜ਼ ਦੀਆਂ ਪਾਈਪਾਂ ਪਾਉਣ ਸਬੰਧੀ **AMRUT Scheme** ਤਹਿਤ ਸ਼ਹਿਰ ਖਾਤਰ ਪ੍ਰੋਜੈਕਟ ਬਣਾ ਕੇ ਭੇਜਿਆ ਹੋਇਆ ਹੈ। ਸੜ੍ਹਕਾਂ ਬਨਾਉਣ ਸਬੰਧੀ ਉਹਨਾਂ ਕਿਹਾ ਕਿ ਜਿਸ ਏਰੀਏ ਵਿੱਚ ਪਾਣੀ ਅਤੇ ਸੀਵਰੇਜ਼ ਦੀਆਂ ਪਾਈਪਾਂ ਪਾਈਆਂ ਜਾ ਚੁੱਕੀਆਂ ਹਨ, ਉਹਨਾਂ ਏਰੀਆ ਵਿੱਚ ਸੜ੍ਹਕਾਂ ਬਣਾਈਆਂ ਜਾਣਗੀਆਂ। **ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ AMRUT Scheme ਤਹਿਤ ਬਣਾਏ ਪ੍ਰੋਜੈਕਟ ਦੇ ਪਾਸ ਹੋਣ ਉਪਰੰਤ ਬਣਦੇ ਕੰਮ ਜਲਦ ਹੀ ਕਰਵਾ ਦਿੱਤੇ ਜਾਣਗੇ।**

ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਦਾ ਮੀਟਿੰਗ ਵਿੱਚ ਸ਼ਾਮਲ ਹੋਣ ਤੇ ਸਵਾਗਤ ਕਰਦੇ ਹੋਏ ਬੇਨਤੀ ਕੀਤੀ ਕਿ ਮੀਟਿੰਗ ਦੇ ਸ਼ੁਰੂ ਕਰਨ ਤੋਂ ਪਹਿਲਾਂ **Zero Hour** ਵਿੱਚ ਕੌਂਸਲਰ ਸਾਹਿਬਾਨ ਦੀਆਂ ਕੁੱਝ ਗੱਲਾਂ ਸੁਣ ਲਈਆਂ ਜਾਣ। ਉਹਨਾਂ ਕੌਂਸਲਰ ਸਾਹਿਬਾਨ ਨੂੰ ਵੀ ਬੇਨਤੀ ਕੀਤੀ ਕਿ ਉਹ ਆਪਣੀ ਗੱਲ ਸੁੱਚਜੇ ਢੰਗ ਨਾਲ ਪੇਸ਼ ਕਰਨ।

ਸ਼੍ਰੀ ਹਰਪਾਲ ਸਿੰਘ ਢਿੱਲੋ, ਕੌਂਸਲਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਕੌਂਸਲਰਜ਼ ਨੇ ਪਿਛਲੀ ਮੀਟਿੰਗ ਦੌਰਾਨ ਸਰਕਾਰ ਵੱਲੋਂ ਨਗਰ ਨਿਗਮ ਬਠਿੰਡਾ ਵਿਖੇ ਰੈਗੂਲਰ ਤੌਰ ਤੇ ਭੇਜੇ ਕਰਮਚਾਰੀਆਂ ਨੂੰ ਨਿਯੁਕਤ ਕਰਨ ਦਾ ਵਿਰੋਧ ਕੀਤਾ ਸੀ। ਉਹਨਾਂ ਕਿਹਾ ਕਿ ਨਗਰ ਨਿਗਮ ਵਿਖੇ ਆਉਟਸੋਰਸ ਤੇ ਰੱਖੇ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਸਰਕਾਰ ਤੋਂ ਪ੍ਰਵਾਨਗੀ ਲੈਣ ਉਪਰੰਤ ਹਾਉਸ ਨਗਰ ਨਿਗਮ ਵੱਲੋਂ ਭਰਤੀ ਦੀ ਪ੍ਰਕ੍ਰਿਆ ਆਪਣੇ ਪੱਧਰ ਤੇ ਕੀਤੀ ਜਾਵੇ। ਉਹਨਾਂ ਇਹ ਵੀ ਦਸਿਆ ਕਿ ਇੰਨ੍ਹਾਂ ਆਉਟਸੋਰਸ ਤੇ ਰੱਖੇ ਮੁਲਾਜ਼ਮਾਂ ਵਿੱਚੋਂ ਕਈਆਂ ਨੂੰ ਲੱਗੇ 10 ਸਾਲ ਤੋਂ ਵੀ ਵੱਧ ਦਾ ਸਮਾਂ ਹੋ ਚੁੱਕਾ ਹੈ। ਉਹਨਾਂ ਸਰਕਾਰ ਵੱਲੋਂ ਕੀਤੀ ਗਈ ਨਿਯੁਕਤੀ ਦਾ ਵਿਰੋਧ ਕੀਤਾ। ਇਸਤੇ ਹਾਉਸ ਵਿੱਚ ਮੌਜੂਦ ਸਮੂਹ ਕੌਂਸਲਰ ਸਾਹਿਬਾਨ ਵੱਲੋਂ ਸਰਕਾਰ ਵੱਲੋਂ ਕਰਮਚਾਰੀਆਂ ਦੀ ਭਰਤੀ ਕਰਕੇ ਨਗਰ ਨਿਗਮ ਵਿਖੇ ਭੇਜਣ ਦਾ ਵਿਰੋਧ ਕੀਤਾ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਸਰਕਾਰ ਵੱਲੋਂ ਬੜੇ ਹੀ Transparent ਤਰੀਕੇ ਨਾਲ ਕਰਮਚਾਰੀਆਂ ਦੀ ਭਰਤੀ ਕੀਤੀ ਗਈ ਹੈ। ਉਹਨਾਂ ਦਸਿਆ ਕਿ ਮਾਨਯੋਗ ਸੁਪਰੀਮ ਕੋਰਟ ਦੇ ਉਮਾ ਦੇਵੀ ਕੇਸ ਵਿੱਚ ਦਿੱਤੇ ਫੈਸਲੇ ਅਨੁਸਾਰ ਇਹ ਸਪਸ਼ਟ ਕੀਤਾ ਗਿਆ ਹੈ ਕਿ ਕਿਸੇ ਵੀ ਕੰਟਰੈਕਟ ਬੇਸਿਸ ਜਾਂ ਆਉਟਸੋਰਸ ਤੇ ਰੱਖੇ ਕਰਮਚਾਰੀਆਂ ਨੂੰ ਅਜਿਹਾ ਕੋਈ ਵੀ Benefit ਨਹੀਂ ਦਿੱਤਾ ਜਾਵੇਗਾ। ਉਹਨਾਂ ਇਹ ਵੀ ਜਾਣੂ ਕਰਵਾਇਆ ਕਿ ਪਹਿਲਾਂ ਵੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਕਾਨੂੰਨ ਮਾਨਯੋਗ ਹਾਈਕੋਰਟ ਵੱਲੋਂ ਰੱਦ ਕਰ ਦਿੱਤਾ ਸੀ ਅਤੇ ਇਸ ਸਬੰਧੀ ਕਾਂਗਰਸ ਪਾਰਟੀ ਵੱਲੋਂ ਬਣਾਏ ਕਾਨੂੰਨ ਨੂੰ ਮਾਨਯੋਗ ਰਾਜਪਾਲ ਜੀ ਵੱਲੋਂ ਹੀ ਰੱਦ ਕਰ ਦਿੱਤਾ ਗਿਆ ਸੀ। ਉਹਨਾਂ ਇਹ ਵੀ ਜਾਣੂ ਕਰਵਾਇਆ ਕਿ ਹੁਣ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਸਬੰਧੀ ਜੋ ਪਾਲਿਸੀ ਬਣਾਈ ਗਈ ਹੈ, ਉਸਦੇ ਆਧਾਰ ਤੇ ਨਗਰ ਨਿਗਮ ਵਿਖੇ ਸਿਰਫ ਦੋ ਹੀ ਕਰਮਚਾਰੀਆਂ ਨੂੰ ਪੱਕਾ ਕੀਤਾ ਜਾ ਸਕਦਾ ਹੈ।** ਇਸਤੇ ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਇਹ ਚੁਣਿਆ ਹੋਇਆ ਹਾਉਸ ਹੈ। ਇਸ ਲਈ ਨਗਰ ਨਿਗਮ ਐਕਟ 1976 ਦੀ ਧਾਰਾ 71(7) ਅਨੁਸਾਰ ਦਰਜ਼ਾ ਤਿੰਨ ਅਤੇ ਦਰਜ਼ਾ ਚਾਰ ਕਰਮਚਾਰੀਆਂ ਦੀ ਭਰਤੀ ਕਰਨ ਦਾ ਅਧਿਕਾਰ ਵੀ ਹਾਉਸ, ਨਗਰ ਨਿਗਮ ਪਾਸ ਹੈ। ਸ਼੍ਰੀ ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਇਹ ਲੋਕਲ ਸੈਲਫ ਗੌਰਮਿੰਟ ਹੈ। ਸਰਕਾਰ ਦੇ ਅਜਿਹੇ ਨਿਯਮ ਇਸਤੇ ਲਾਗੂ ਨਹੀਂ ਹੁੰਦੇ। ਉਹਨਾਂ ਕਿਹਾ ਕਿ ਦਰਜ਼ਾ ਤਿੰਨ ਅਤੇ ਚਾਰ ਦੀ ਭਰਤੀ ਕਰਨ ਦਾ ਅਧਿਕਾਰ ਹਾਉਸ ਨਗਰ ਨਿਗਮ ਪਾਸ ਹੈ। ਹਾਉਸ ਵੱਲੋਂ ਹੀ ਭਰਤੀ ਦੀ ਪ੍ਰਕ੍ਰਿਆ ਟੈਸਟ ਲੈ ਕੇ ਪੂਰੀ ਕੀਤੀ ਜਾ ਸਕਦੀ ਹੈ। ਇਹ ਨਗਰ ਨਿਗਮ ਐਕਟ ਵਿੱਚ ਦਰਜ਼ ਹੈ। ਸਰਕਾਰ ਵੱਲੋਂ ਆਪਣੇ ਪੱਧਰ ਤੇ ਭਰਤੀ ਦੀ ਪ੍ਰਕ੍ਰਿਆ ਪੂਰੀ ਕਰਦੇ ਹੋਏ ਨਗਰ ਨਿਗਮ ਐਕਟ ਵਿੱਚ ਕੋਈ ਸੋਧ ਨਹੀਂ ਕੀਤੀ ਗਈ। ਉਹਨਾਂ ਕਰਮਚਾਰੀਆਂ ਨੂੰ ਨਗਰ ਨਿਗਮ ਵਿਖੇ ਨਹੀਂ ਰੱਖਿਆ ਜਾਵੇਗਾ, ਜੱਦ ਤੱਕ ਹਾਉਸ ਵੱਲੋਂ ਇਸਦੀ ਪ੍ਰਵਾਨਗੀ ਨਹੀਂ ਦਿੱਤੀ ਜਾਂਦੀ। ਹਾਉਸ, ਨਗਰ ਨਿਗਮ ਵੱਲੋਂ ਸਰਕਾਰ ਪਾਸੋਂ ਕਰਮਚਾਰੀਆਂ ਦੀ ਭਰਤੀ ਕਰਨ ਦੀ ਪ੍ਰਵਾਨਗੀ ਮੰਗੀ ਸੀ, ਨਾਂ ਕਿ ਕਰਮਚਾਰੀਆਂ ਦੀ ਭਰਤੀ ਕਰਕੇ ਨਗਰ ਨਿਗਮ ਵਿਖੇ ਨਿਯੁਕਤ ਕਰਨ ਦੀ। ਉਹਨਾਂ ਇਹ ਵੀ ਦਸਿਆ ਕਿ ਹਾਉਸ, ਨਗਰ ਨਿਗਮ ਵੱਲੋਂ 322 ਸਫਾਈ ਕਰਮਚਾਰੀਆਂ ਨੂੰ ਕੰਟਰੈਕਟ ਬੇਸਿਸ ਤੇ ਭਰਤੀ ਕਰਨ ਦੀ ਪ੍ਰਕ੍ਰਿਆ ਵੀ ਆਪਣੇ ਪੱਧਰ ਤੇ ਕੀਤੀ ਜਾ ਰਹੀ ਹੈ।

ਸ਼੍ਰੀ ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਸ਼ਹਿਰ ਦੀ ਮਾਲ ਰੋਡ ਤੇ ਨਗਰ ਨਿਗਮ ਵਲੋਂ ਬਣਾਈ ਗਈ ਮਲਟੀ ਸਟੋਰੀ ਪਾਰਕਿੰਗ ਸਬੰਧੀ ਕਿਹਾ ਕਿ ਸਰਕਾਰੀ ਸਕੂਲ ਦੀ ਜਗ੍ਹਾ ਲੈ ਕੇ ਆਮ ਪਬਲਿਕ ਨੂੰ ਸਹੂਲਤ ਦੇਣ ਖਾਤਰ ਪਾਰਕਿੰਗ ਦਾ ਪ੍ਰਬੰਧ ਕੀਤਾ ਜਾਣਾ ਸੀ। ਪਰੰਤੂ ਨਗਰ ਨਿਗਮ ਵੱਲੋਂ ਇਸਨੂੰ ਠੇਕੇ ਤੇ ਦੇ ਕੇ ਠੇਕੇਦਾਰ ਵੱਲੋਂ ਗੱਡੀਆਂ

ਪਾਰਕ ਕਰਨ ਦੇ ਬਹੁਤ ਜਿਆਦਾ ਪੈਸੇ ਲਏ ਜਾ ਰਹੇ ਹਨ। ਉਹਨਾਂ ਵੱਲੋਂ ਰੇਟ ਜਿਆਦਾ ਹੋਣ ਸਬੰਧੀ ਆਪਣਾ ਵਿਰੋਧ ਵੀ ਦਰਜ਼ ਕਰਵਾਇਆ ਸੀ, ਜੋ ਕਿ ਸਾਡਾ ਵਿਰੋਧ ਦਰਜ਼ ਨਹੀਂ ਸੀ ਕੀਤਾ ਗਿਆ। ਉਹਨਾਂ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਉਹਨਾਂ ਵੱਲੋਂ ਹਾਜ਼ਰੀ ਨਹੀਂ ਲਗਾਈ ਗਈ, ਕਿਉਂ ਜੋ ਇਸੇ ਹਾਜ਼ਰੀ ਨੂੰ ਉਹਨਾਂ ਦੀ ਸਹਿਮਤੀ ਸਮਝ ਲਿਆ ਜਾਂਦਾ ਹੈ। ਉਹਨਾਂ ਇਸ ਮਲਟੀ ਸਟੋਰੀ ਪਾਰਕਿੰਗ ਨੂੰ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਟਰਾਇਲ ਬੇਸਿਸ ਤੇ ਚਲਾਉਣ ਦੀ ਮੰਗ ਕੀਤੀ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਲੀਡਰ ਸਾਹਿਬਾਨ ਵੱਲੋਂ ਜੋ ਵੀ ਜੁਬਾਨੀ ਤੋਰ ਤੇ ਵਾਅਦੇ ਕੀਤੇ ਜਾਂਦੇ ਹਨ, ਉਹਨਾਂ ਦੀ ਕੋਈ Value ਨਹੀਂ ਹੁੰਦੀ। ਜੋ ਵੀ ਕੰਮ ਕੀਤਾ ਜਾਂਦਾ ਹੈ ਉਹ ਕਾਨੂੰਨ ਅਨੁਸਾਰ, ਸੰਵਿਧਾਨ ਅਨੁਸਾਰ ਹੀ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਇਸ ਮਲਟੀ ਸਟੋਰੀ ਕਾਰ ਪਾਰਕਿੰਗ ਦਾ ਮਕਸਦ ਲਾਭ ਕਮਾਉਣਾ ਨਹੀਂ ਹੈ। ਇਸਦੇ ਰੱਖ ਰਖਾਵ ਅਤੇ ਇਸਨੂੰ ਸੁੱਚਜੇ ਢੰਗ ਨਾਲ ਚਲਾਉਣ ਲਈ ਜੋ ਖਰਚਾ ਆਵੇਗਾ, ਉਸਦੀ ਭਰਪਾਈ ਲਈ ਹੀ ਪਾਰਕਿੰਗ ਦੇ ਰੇਟ ਤੈਅ ਕੀਤੇ ਗਏ ਹਨ। ਜੇਕਰ ਇਸਨੂੰ ਠੇਕੇ ਤੇ ਨਾ ਦੇ ਕੇ ਮੁਫਤ ਹੀ ਸਹੂਲਤ ਮੁੱਹਈਆ ਕਰਵਾਈ ਗਈ ਤਾਂ ਇਹ ਨਸ਼ੇੜੀਆਂ ਦਾ ਅੱਡਾ ਬਣ ਜਾਵੇਗੀ। ਜੇਕਰ ਕੋਈ ਵਿਅਕਤੀ 50.00 ਲੱਖ ਰੁਪਏ ਦੀ ਗੱਡੀ ਲੈ ਸਕਦਾ ਹੈ ਤਾਂ ਉਹ 15/- ਰੁਪਏ ਪਾਰਕਿੰਗ ਦੇ ਵੀ ਭਰ ਸਕਦਾ ਹੈ। ਪਰੰਤੂ ਹੁਣ ਕੁੱਝ ਲੀਡਰ ਸਾਹਿਬਾਨ ਵੱਲੋਂ ਆਪਣੇ ਨਿੱਜੀ ਲਾਭ ਕਾਰਨ ਲੋਕਾਂ ਨੂੰ ਉਕਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਸ਼ਹਿਰ ਦੇ ਭਲੇ ਲਈ ਜੋ ਵੀ ਕੰਮ ਕਰਨਾ ਹੋਵੇ, ਉਸ ਲਈ ਸਾਰਿਆਂ ਨੂੰ ਇੱਕਠਾ ਹੋ ਕੇ ਕੰਮ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਇਸ ਮਲਟੀ ਸਟੋਰੀ ਪਾਰਕਿੰਗ ਸਬੰਧੀ ਜੋ ਵੀ ਮਸਲਾ ਸੀ, ਉਹ ਹੱਲ ਕਰ ਦਿੱਤਾ ਗਿਆ ਹੈ।**

ਸ਼੍ਰੀ ਹਰਪਾਲ ਸਿੰਘ ਢਿੱਲੋਂ, ਕੋਂਸਲਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਫਾਇਰ ਬ੍ਰਿਗੇਡ ਤੇ ਲੱਗੀ ਐਲ.ਈ.ਡੀ. ਬੰਦ ਕਰ ਦਿੱਤੀ ਗਈ ਹੈ, ਜਦਕਿ ਦੂਸਰੇ ਪਾਸੇ ਮਲਟੀਸਟੋਰੀ ਕਾਰ ਪਾਰਕਿੰਗ ਦੇ ਬਾਹਰ ਐਲ.ਈ.ਡੀ. ਚਲਾਈ ਜਾ ਰਹੀ ਹੈ। ਉਹਨਾਂ ਫਾਇਰ ਬ੍ਰਿਗੇਡ ਤੇ ਲੱਗੀ ਐਲ.ਈ.ਡੀ. ਤੇ ਨਗਰ ਨਿਗਮ ਵੱਲੋਂ ਸਵੱਛ ਭਾਰਤ ਮਿਸ਼ਨ ਸਬੰਧੀ ਵਿਗਿਆਪਨ ਅਤੇ ਨਗਰ ਨਿਗਮ ਦੇ ਹੋਰ ਵਿਗਿਆਪਨ ਦਿੰਦੇ ਹੋਏ ਐਲ.ਈ.ਡੀ. ਚਲਾਉਣ ਦੀ ਮੰਗ ਕੀਤੀ।

ਸ਼੍ਰੀ ਬੇਅੰਤ ਸਿੰਘ ਰੰਧਾਵਾ, ਕੋਂਸਲਰ ਨੇ ਡਿਪਟੀ ਕਮਿਸ਼ਨਰ-ਕਮ-ਕਮਿਸ਼ਨਰ ਨਗਰ ਨਿਗਮ ਬਠਿੰਡਾ ਜੀ ਦੇ ਪਹਿਲੀ ਵਾਰ ਮੀਟਿੰਗ ਵਿੱਚ ਆਉਣ ਤੇ ਧੰਨਵਾਦ ਕੀਤਾ। ਉਹਨਾਂ ਦਸਿਆ ਕਿ ਸ਼ਹਿਰ ਵਿੱਚ ਆਵਾਰਾ ਕੁੱਤਿਆਂ ਦਾ ਆਤੰਕ ਬਹੁਤ ਜਿਆਦਾ ਵਧਿਆ ਹੋਇਆ ਹੈ। ਉਹਨਾਂ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਦੋ ਕੁੱਤੇ ਹਲਕ ਚੁੱਕੇ ਹਨ, ਜਿੰਨ੍ਹਾਂ ਵਿੱਚੋਂ ਇਕ ਬੱਚੀ ਦੇ ਪਿੱਛੇ ਪੈ ਗਿਆ ਅਤੇ ਕੱਟ ਲਿਆ। ਕੁੱਤੇ ਦੇ ਬੱਚੀ ਦੇ ਪਿੱਛੇ ਪੈਣ ਤੇ ਬੱਚੀ ਦਾ ਐਕਸੀਡੈਂਟ ਵੀ ਹੋ ਗਿਆ। ਉਹਨਾਂ ਜਲਦ ਤੋਂ ਜਲਦ ਇੰਨ੍ਹਾਂ ਕੁੱਤਿਆਂ ਨੂੰ ਚੁੱਕਵਾਉਣ ਦੀ ਮੰਗ ਕੀਤੀ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇੰਨ੍ਹਾਂ ਕੁੱਤਿਆਂ ਨੂੰ ਜਲਦ ਤੋਂ ਜਲਦ ਚੁੱਕ ਲਿਆ ਜਾਵੇ। ਇਸਤੋਂ ਇਲਾਵਾ ਉਹਨਾਂ ਦਸਿਆ ਕਿ ਨਗਰ ਨਿਗਮ ਵੱਲੋਂ Dog Shelter Home ਬਣਾਇਆ ਜਾ ਰਿਹਾ ਹੈ, ਜਿਸ ਵਿੱਚ ਬੀਮਾਰੀ ਨਾਲ ਪੀੜਿਤ ਕੁੱਤਿਆਂ ਦਾ ਇਲਾਜ਼ ਕੀਤਾ ਜਾਵੇਗਾ।**

ਸ਼੍ਰੀ ਬਲਜੀਤ ਸਿੰਘ ਸਰਾਂ, ਕੋਂਸਲਰ ਨੇ ਦਸਿਆ ਕਿ ਪਾਵਰ ਹਾਊਸ ਰੋਡ ਤੇ 3-4 ਅਜਿਹੇ ਹਸਪਤਾਲ ਹਨ, ਜਿੰਨ੍ਹਾਂ ਵੱਲੋਂ ਬਿਲਡਿੰਗ ਬਾਈਲਾਜ਼ ਦੀ ਉਲੰਘਣਾ ਕੀਤੀ ਗਈ ਹੈ। ਇੰਨ੍ਹਾਂ ਵੱਲੋਂ ਪੀਣ ਵਾਲੇ ਪਾਣੀ ਦੇ ਕੂਨੈਕਸ਼ਨ ਵੀ ਅਣਅਧਿਕਾਰਤ ਤੋਰ ਤੇ ਜੋੜੇ ਹੋਏ ਹਨ। ਇਸਤੋਂ ਇਲਾਵਾ ਪਾਰਕਿੰਗ ਦਾ ਕੋਈ ਪ੍ਰਾਵਧਾਨ ਨਾ ਕਰਕੇ ਬੈਨਰ ਲਟਕਾਏ ਹੋਏ ਹਨ ਕਿ ਹਸਪਤਾਲ ਦੀ ਪਾਰਕਿੰਗ ਪਿੱਛੇ ਹੈ। ਹਸਪਤਾਲਾਂ ਦੇ ਪਿੱਛੇ ਕੋਠੀਆਂ ਦੇ ਪੋਰਚ ਹਨ, ਜਿੰਨ੍ਹਾਂ ਨੂੰ ਇਹ ਪਾਰਕਿੰਗ ਕਹਿੰਦੇ ਹਨ। ਗੱਡੀਆਂ ਦੀ ਪਾਰਕਿੰਗ ਮੇਨ ਰੋਡ ਤੇ ਹੋਣ ਕਾਰਨ ਸਾਰਾ ਦਿਨ ਉੱਥੇ ਜਾਮ ਲਗਿਆ ਰਹਿੰਦਾ ਹੈ ਅਤੇ ਇਸ ਸੜ੍ਹਕ ਤੋਂ ਲੰਘਣ ਵਾਲੇ ਵਿਅਕਤੀਆਂ ਨੂੰ ਬਹੁਤ ਹੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਨਗਰ ਨਿਗਮ ਦੀ ਟੀਮ ਬਣਾ ਕੇ ਅਜਿਹੇ ਬਿਲਡਿੰਗ ਬਾਈਲਾਜ਼ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਸ਼ਹਿਰ ਵਿੱਚ ਹੋ ਰਹੀਆਂ ਅਣਅਧਿਕਾਰਤ ਉਸਾਰੀਆਂ ਤੇ ਉਨ੍ਹਾਂ ਵੱਲੋਂ ਪੂਰੀ ਨਜ਼ਰ ਰੱਖੀ ਜਾ ਰਹੀ ਹੈ। Mass Violation ਕਰਨ ਵਾਲਿਆਂ ਦੀਆਂ ਬਿਲਡਿੰਗਾਂ ਸੀਲ ਕਰਨ ਦੇ ਨਾਲ-ਨਾਲ ਤੋੜੀਆਂ ਵੀ ਜਾਣਗੀਆਂ।**

ਮੀਟਿੰਗ ਵਿੱਚ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਕਿਹਾ ਕਿ ਨਗਰ ਨਿਗਮ ਵੱਲੋਂ ਕਿਸੇ ਵੀ ਸਮਾਨ ਦੀ ਸਪਲਾਈ ਜੈਮ ਪੋਰਟਲ ਤੋਂ ਨਾ ਲੈ ਕੇ ਲੋਕਲ ਠੇਕੇਦਾਰ/ਫਰਮਾਂ ਤੋਂ ਲਈ ਜਾਵੇ। ਕਿਉਂ ਜੋ ਜੈਮ ਪੋਰਟਲ ਤੇ ਖਰੀਦਿਆ ਜਾਣ ਵਾਲਾ ਸਮਾਨ ਘਟੀਆ ਕਵਾਲਟੀ ਦਾ ਹੁੰਦਾ ਹੈ। ਉਹਨਾਂ ਦਸਿਆ ਕਿ ਰੋਜ਼ ਗਾਰਡਨ ਵਿਖੇ ਜੋ ਮਸ਼ੀਨਰੀ ਜੈਮ ਪੋਰਟਲ ਰਾਹੀਂ ਖਰੀਦੀ ਗਈ ਹੈ, ਉਸਦੀ ਕਵਾਲਟੀ ਘਟੀਆ ਹੈ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਜੇਕਰ ਉਹਨਾਂ ਨੂੰ ਲਗਦਾ ਹੈ ਕਿ ਖਰੀਦੇ ਗਏ ਸਮਾਨ ਦੀ ਕਵਾਲਟੀ ਘਟੀਆ ਹੈ, ਤਾਂ ਇਸ ਸਬੰਧੀ ਲਿਖਤੀ ਰੂਪ ਵਿੱਚ ਦਿੱਤਾ ਜਾਵੇ ਤਾਂ ਜੋ ਬਣਦੀ ਕਾਰਵਾਈ ਕੀਤੀ ਜਾ ਸਕੇ। ਉਹਨਾਂ ਇਹ ਵੀ ਕਿਹਾ ਕਿ ਜੈਮ ਪੋਰਟਲ ਤੇ ਸਪੈਸੀਫਿਕੇਸ਼ਨਾਂ ਅਨੁਸਾਰ ਹੀ ਸਮਾਨ ਦੀ ਸਪਲਾਈ ਲਈ ਜਾਂਦੀ ਹੈ।**

ਇਹ ਵੀ ਧਿਆਨ ਵਿੱਚ ਲਿਆਂਦਾ ਗਿਆ ਕਿ ਜੁਝਾਰ ਸਿੰਘ ਨਗਰ, ਗਲੀ ਨੰਬਰ 11 ਅਤੇ 12 ਵਿੱਚ ਇੰਟਰਲਾਕਿੰਗ ਟਾਇਲਾਂ ਲੱਗਣ ਵਾਲੀਆਂ ਹਨ। ਤਿੰਨਕੋਣੀ ਰੋਡ ਤੇ ਸੀਵਰ ਦੇ ਬੰਦ ਹੋਣ ਕਾਰਨ ਆਮ ਪਬਲਿਕ ਨੂੰ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 100 ਫੁੱਟੀ ਰੋਡ ਤੇ ਸਾਰੀ ਸੜ੍ਹਕ ਤੇ ਖੱਡੇ ਹੀ ਖੱਡੇ ਹਨ, ਜਿਸ ਕਾਰਨ ਆਏ ਦਿਨ ਐਕਸੀਡੈਂਟ ਹੁੰਦੇ ਰਹਿੰਦੇ ਹਨ। ਉਹਨਾਂ ਜਲਦ ਤੋਂ ਜਲਦ ਇੰਟਰਲਾਕਿੰਗ ਟਾਇਲਾਂ ਲਗਾਉਣ, ਸੀਵਰ ਸਾਫ ਕਰਨ ਅਤੇ ਖੱਡੇ ਭਰਨ ਦੀ ਮੰਗ ਕੀਤੀ। ਇਸਤੇ ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਦਸਿਆ ਕਿ 100 ਫੁੱਟੀ ਰੋਡ ਤੇ ਖੱਡੇ ਭਰਨ ਸਬੰਧੀ ਟੈਂਡਰ ਲਗਾਇਆ ਜਾ ਚੁੱਕਾ ਹੈ। ਜਲਦ ਹੀ ਪੇਚ ਵਰਕ ਕਰਵਾ ਦਿੱਤਾ ਜਾਵੇਗਾ।

ਸੰਤੋਸ਼ ਕੁਮਾਰੀ ਮਹੰਤ, ਕੋਂਸਲਰ ਨੇ ਕਿਹਾ ਕਿ ਸਰਕਾਰ ਵੱਲੋਂ ਨਾਅਰੇ ਦਿੱਤੇ ਜਾਂਦੇ ਹਨ ਕਿ ਜਲ ਹੈ ਤਾਂ ਜੀਵਨ ਹੈ। ਜਲ ਬਿਨ ਜੀਵਨ ਅਧੂਰਾ ਹੈ। ਪਰੰਤੂ ਉਹਨਾਂ ਦੇ ਵਾਰਡ ਦੀ ਸੰਗੂਆਣਾ ਬਸਤੀ, ਬੀਰਬਲ ਬਸਤੀ ਅਤੇ ਹੋਰ

ਨਾਲ ਲਗਦੇ ਇਲਾਕਿਆਂ ਵਿੱਚ ਅਜੇ ਤੱਕ ਪੀਣ ਵਾਲੇ ਪਾਣੀ ਦੀ ਸੁਵਿਧਾ ਨਾ ਹੋਣ ਕਾਰਨ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਨਹਿਰੀ ਪਾਣੀ ਦੀ ਦਿੱਕਤ ਹੈ। ਉਹਨਾਂ ਇਹ ਵੀ ਦਸਿਆ ਕਿ ਬਠਿੰਡਾ ਸ਼ਹਿਰ ਦਾ ਜਮੀਨ ਹੇਠਲਾ ਪਾਣੀ ਪੀਣ ਵਾਲਾ ਨਹੀਂ ਹੈ। ਉਹਨਾਂ ਮੰਗ ਕੀਤੀ ਕਿ ਜੱਦ ਤੱਕ ਪੀਣ ਵਾਲੇ ਨਹਿਰੀ ਪਾਣੀ ਦਾ ਹੱਲ ਨਹੀਂ ਕੀਤਾ ਜਾਂਦਾ, ਉਸ ਸਮੇਂ ਤੱਕ ਨਗਰ ਨਿਗਮ ਵੱਲੋਂ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਨਾ ਪਾਈਆਂ ਜਾਣ ਅਤੇ ਨਾ ਹੀ ਕੂਨੈਕਸ਼ਨ ਦਿੱਤੇ ਜਾਣ। ਉਹਨਾਂ ਇਹ ਵੀ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਹਰ ਪਲਾਟ ਵਿੱਚ ਮੁਰਦਾ ਪਸ਼ੂ ਦੱਬੇ ਹੋਏ ਹਨ। ਉਹਨਾਂ ਜਲਦ ਤੋਂ ਜਲਦ ਇਸ ਦਾ ਹੱਲ ਕਰਨ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਨਗਰ ਨਿਗਮ ਵੱਲੋਂ ਨਵੇਂ ਤਖਮੀਨੇ ਏਜੰਡੇ ਵਿੱਚ ਪਾਏ ਜਾਂਦੇ ਹਨ, ਜਦਕਿ ਪੁਰਾਣੇ ਪਾਸ ਕੀਤੇ ਹੋਏ ਤਖਮੀਨੇ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤੇ ਜਾਂਦੇ ਹਨ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਹਾਊਸ ਵਿੱਚ ਬੋਲਣ ਸਮੇਂ ਮਰਿਆਦਾ ਕਾਇਮ ਰੱਖੀ ਜਾਵੇ।** ਸ਼੍ਰੀ ਬਲਜਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਏਜੰਡਾ ਵਿੱਚ ਕਿਸ ਮੱਦ ਨੂੰ ਲਗਾਇਆ ਜਾਣਾ ਹੈ ਅਤੇ ਕਿਸਨੂੰ ਨਹੀਂ, ਇਸ ਬਾਰੇ ਕੁੱਝ ਵੀ ਨਹੀਂ ਦਸਿਆ ਜਾਂਦਾ। ਉਹਨਾਂ ਕਿਹਾ ਕਿ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਜਾ ਕੇ ਤਕਰੀਬਨ 6.00 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਜਾ ਰਹੀ ਲਾਇਬਰੇਰੀ ਲਈ ਅਜੇ ਤੱਕ ਨਗਰ ਨਿਗਮ ਵੱਲੋਂ ਕੋਈ ਵੀ ਕਦਮ ਨਹੀਂ ਚੁੱਕਿਆ ਗਿਆ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਲਾਇਬਰੇਰੀ ਬੱਚਿਆਂ ਦੇ ਪੜ੍ਹਨ ਲਈ ਬਹੁਤ ਹੀ ਵਧੀਆ ਜਗ੍ਹਾ ਹੈ। ਇਸ ਵਿੱਚ ਪੜ੍ਹ ਕੇ ਬੱਚੇ ਚੰਗੇ ਕੰਮ ਕਰਨਗੇ। ਇਸ ਲਈ ਜਲਦ ਤੋਂ ਜਲਦ ਸਟੱਡੀ ਰੂਮ ਬਨਾਉਣ ਲਈ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।** ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਪੀਣ ਵਾਲੇ ਪਾਣੀ ਦੀ ਸਮੱਸਿਆ ਤੋਂ ਨਿਜ਼ਾਤ ਦਿਵਾਉਣ ਲਈ ਪੁੱਛਿਆ ਕਿ ਕਦੋਂ ਤੱਕ ਇਸਦਾ ਹੱਲ ਹੋ ਜਾਵੇਗਾ, ਤਾਂ **ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ PSPCL ਨਾਲ ਤਾਲਮੇਲ ਕਰਕੇ ਜਗ੍ਹਾ ਲੈਣ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ। ਜਮੀਨ ਉਪਲੱਬਧ ਹੋਣ ਤੇ ਜਲਦ ਹੀ OHSR ਬਣਾ ਕੇ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ।** ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਏਜੰਡਾ ਬਣਾ ਕੇ ਕੌਂਸਲਰ ਸਾਹਿਬਾਨ ਤੇ ਥੋਪਿਆ ਜਾਂਦਾ ਹੈ। ਏਜੰਡਾ ਬਨਾਉਣ ਸਮੇਂ ਕਿਸੇ ਵੀ ਕੌਂਸਲਰ ਤੋਂ ਪੁੱਛਿਆ ਨਹੀਂ ਜਾਂਦਾ। ਉਹਨਾਂ ਮੰਗ ਕੀਤੀ ਕਿ ਏਜੰਡਾ ਬਨਾਉਣ ਤੋਂ ਪਹਿਲਾਂ ਹਰੇਕ ਕੌਂਸਲਰ ਨੂੰ ਪੁੱਛ ਲਿਆ ਜਾਵੇ ਤਾਂ ਜੋ ਵਿਕਾਸ ਦੇ ਕੰਮ ਕਰਵਾਏ ਜਾ ਸਕਣ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਏਜੰਡਾ ਬਨਾਉਣ ਤੋਂ ਇੱਕ ਹਫਤਾ ਪਹਿਲਾਂ ਸਮੂਹ ਕੌਂਸਲਰ ਸਾਹਿਬਾਨ ਨੂੰ ਪੱਤਰ ਲਿਖਿਆ ਜਾਵੇਗਾ।**

ਸ਼੍ਰੀਮਤੀ ਅਮਨਦੀਪ ਕੋਰ, ਕੌਂਸਲਰ ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਸੀਵਰੇਜ਼ ਦੀ ਸਫਾਈ ਦਾ ਬਹੁਤ ਵੱਡਾ ਮੁੱਦਾ ਹੈ। ਤ੍ਰਿਵੇਣੀ ਕੰਪਨੀ ਵਾਲੇ ਕਹਿੰਦੇ ਹਨ ਕਿ ਇਹ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਵੱਲੋਂ ਸਫਾਈ ਕਰਵਾਈ ਜਾਵੇਗੀ, ਜਦਕਿ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਦੇ ਕਰਮਚਾਰੀ ਕਹਿੰਦੇ ਹਨ ਕਿ ਸਫਾਈ ਤ੍ਰਿਵੇਣੀ ਕੰਪਨੀ ਵੱਲੋਂ ਕਰਵਾਈ ਜਾਵੇਗੀ। ਉਹਨਾਂ ਜਲਦ ਤੋਂ ਜਲਦ ਸੀਵਰੇਜ਼ ਦੀ ਸਫਾਈ ਕਰਵਾਉਣ ਦੀ ਮੰਗ ਕੀਤੀ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕਰਨ ਸਬੰਧੀ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।**

ਸ਼੍ਰੀਮਤੀ ਪ੍ਰਵੀਨ ਗਰਗ, ਕੌਂਸਲਰ ਨੇ ਕਿਹਾ ਕਿ ਉਹਨਾਂ ਵੱਲੋਂ ਭੱਟੀ ਰੋਡ ਤੇ ਸਟੇਡੀਅਮ ਵਾਲੇ ਪਾਸੇ ਜਾਂਦੇ ਹੋਏ ਰਸਤੇ ਨੂੰ ਪੱਕਾ ਕਰਨ ਲਈ ਬੇਨਤੀ ਕੀਤੀ ਸੀ ਅਤੇ ਜੱਦ ਤੱਕ ਉਸ ਰਸਤੇ ਨੂੰ ਪੱਕਾ ਨਹੀਂ ਕਰ ਦਿੱਤਾ ਜਾਂਦਾ ਤੱਦ ਤੱਕ ਉਸ ਸੜ੍ਹਕ ਤੇ ਕਿਸੇ ਪੁਲਿਸ ਕਰਮਚਾਰੀ ਦੀ ਡਿਊਟੀ ਲਗਾਉਣ ਦੀ ਮੰਗ ਕੀਤੀ ਸੀ। ਪਰੰਤੂ ਅਜੇ ਤੱਕ ਅਜਿਹਾ ਨਹੀਂ ਕੀਤਾ ਗਿਆ। ਇਸ ਜਗ੍ਹਾ ਆਏ ਦਿਨ ਐਕਸੀਡੈਂਟ ਹੁੰਦੇ ਰਹਿੰਦੇ ਹਨ। ਉਹਨਾਂ ਮੁੜ੍ਹ ਤੋਂ ਬੇਨਤੀ ਕੀਤੀ ਕਿ ਇਸ ਰਸਤੇ ਨੂੰ ਪੱਕਾ ਕੀਤਾ ਜਾਵੇ ਅਤੇ ਕਿਸੇ ਸਕਿਊਰਟੀ ਗਾਰਡ ਦੀ ਡਿਊਟੀ ਵੀ ਲਗਾਈ ਜਾਵੇ। **ਇਸਤੇ ਕਸ਼ਿਨਰ, ਨਗਰ ਨਿਗਮ ਬਠਿੰਡਾ ਜੀ ਨੇ ਮੌਕਾ ਵੇਖ ਕੇ ਬਣਦੀ ਕਾਰਵਾਈ ਅਮਲ ਵਿੱਚ ਲਿਆਉਣ ਲਈ ਕਿਹਾ।**

ਸ਼੍ਰੀਮਤੀ ਸ਼ੀਲਾ ਰਾਣੀ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਸੀਵਰੇਜ਼ ਦੀ ਸਫਾਈ ਦਾ ਬਹੁਤ ਹੀ ਜਿਆਦਾ ਮੰਦਾ ਹਾਲ ਹੈ। ਲੋਕ ਬਹੁਤ ਜਿਆਦਾ ਪਰੇਸ਼ਾਨ ਹਨ। ਇਸਤੋਂ ਇਲਾਵਾ ਉਹਨਾਂ ਦੇ ਵਾਰਡ ਦੀਆਂ ਸੜ੍ਹਕਾਂ ਦਾ ਵੀ ਬੁਰਾ ਹਾਲ ਹੈ। ਉਹਨਾਂ ਜਲਦ ਤੋਂ ਜਲਦ ਇੰਨ੍ਹਾਂ ਸਮੱਸਿਆਂਵਾਂ ਦਾ ਹੱਲ ਕਰਨ ਦੀ ਮੰਗ ਕੀਤੀ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਸ ਸਬੰਧੀ Single proposal ਬਣਾ ਕੇ ਹਾਊਸ ਦੀ ਅਗਲੀ ਮੀਟਿੰਗ ਵਿੱਚ ਵਿਚਾਰ ਲਿਆ ਜਾਵੇਗਾ ਅਤੇ ਸਮੱਸਿਆ ਦਾ ਹੱਲ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ।**

ਸ਼੍ਰੀਮਤੀ ਪੁਸ਼ਪਾ ਰਾਣੀ, ਕੌਂਸਲਰ ਨੇ ਕਿਹਾ ਕਿ ਉਹਨਾਂ ਵੱਲੋਂ ਪਹਿਲਾਂ ਵੀ ਜਾਣੂ ਕਰਵਾਇਆ ਗਿਆ ਸੀ ਕਿ ਗਲੀ ਨੰਬਰ 2-ਡੀ ਅਤੇ ਪਲਾਸਟਿਕ ਫੈਕਟਰੀ ਵਾਲੀ ਗਲੀ ਵਿੱਚ ਇੰਟਰਲਾਕਿੰਗ ਟਾਇਲਾਂ ਲਗਾਈਆਂ ਜਾਣੀਆਂ ਹਨ। ਪਰ ਅਜੇ ਤੱਕ ਕੰਮ ਨਹੀਂ ਹੋਇਆ। ਉਹਨਾਂ ਹਾਊਸ ਤੋਂ ਪੁੱਛਿਆ ਕਿ ਇਹ ਕੰਮ ਕਦੋਂ ਹੋਊਗਾ? **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਅਗਲੇ ਇੱਕ ਹਫਤੇ ਅੰਦਰ ਮਿਉਂਸਪਲ ਫੰਡਜ਼ ਦੀ ਪੁਜੀਸ਼ਨ ਨੂੰ ਦੇਖਦੇ ਹੋਏ ਬਣਦਾ ਕੰਮ ਕਰਵਾ ਦਿੱਤਾ ਜਾਵੇਗਾ। ਉਹਨਾਂ ਇਹ ਵੀ ਕਿਹਾ ਕਿ ਜੋ ਇਲਾਕੇ/ਏਰੀਏ ਵਿਕਾਸ ਦੇ ਹੋਣ ਵਾਲੇ ਕੰਮਾਂ ਸਬੰਧੀ ਜਿਆਦਾ ਤਕਲੀਫ ਵਿੱਚ ਹਨ, ਉਹਨਾਂ ਇਲਾਕਿਆਂ ਦਾ ਕੰਮ ਲਿਸਟ ਬਣਾ ਕੇ ਪਹਿਲ ਦੇ ਆਧਾਰ ਤੇ ਕਰਵਾਇਆ ਜਾਵੇਗਾ। ਦਫਤਰ ਵੱਲੋਂ ਬਣਾਈ ਗਈ ਲਿਸਟ ਕੌਂਸਲਰ ਸਾਹਿਬਾਨ ਨੂੰ ਵੀ ਸ਼ੇਅਰ ਕਰ ਦਿੱਤੀ ਜਾਵੇਗੀ।**

ਸ਼੍ਰੀਮਤੀ ਕਮਲੇਸ਼ ਮਹਿਰਾ, ਕੌਂਸਲਰ ਨੇ ਕਿਹਾ ਕਿ ਉਹਨਾਂ ਦੀ ਪਿਛਲੇ 7 ਸਾਲਾਂ ਤੋਂ ਕੋਈ ਗੱਲ ਨਹੀਂ ਸੁਣੀ ਜਾ ਰਹੀ ਅਤੇ ਨਾ ਹੀ ਉਹਨਾਂ ਦੇ ਵਾਰਡ ਵਿੱਚ ਵਿਕਾਸ ਦਾ ਕੋਈ ਕੰਮ ਕਰਵਾਇਆ ਗਿਆ ਹੈ। ਉਹਨਾਂ ਦਸਿਆ ਕਿ ਸੰਤਪੁਰਾ ਰੋਡ ਤੇ ਸੀਵਰ ਨਾ ਹੋਣ ਕਾਰਨ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਇਹ ਵੀ ਦਸਿਆ ਕਿ ਸੰਤਪੁਰਾ ਰੋਡ ਤੇ ਬਣੇ ਸ਼ਿਵਬਾੜੀ ਮੰਦਿਰ ਵਿੱਚ ਨਸ਼ੇੜੀ ਨਸ਼ਾ ਕਰਦੇ ਹਨ ਅਤੇ ਆਪਣੇ ਆਪ ਨੂੰ ਟੀਕੇ ਲਗਾਉਂਦੇ ਰਹਿੰਦੇ ਹਨ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਜਲਦ ਹੀ ਪੁਲਿਸ ਭੇਜ ਕੇ ਬਣਦਾ**

**ਹੱਲ ਕਰ ਦਿੱਤਾ ਜਾਵੇਗਾ।** ਸ਼੍ਰੀਮਤੀ ਕਮਲੇਸ਼ ਮਹਿਰਾ, ਕੌਂਸਲਰ ਨੇ ਕਿਹਾ ਕਿ ਉਹਨਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਪਿਛਲੇ ਡੇਢ ਘੰਟੇ ਤੋਂ ਕੌਂਸਲਰ ਸਾਹਿਬਾਨ ਦੀ ਸੁਣਵਾਈ ਹੀ ਚੱਲ ਰਹੀ ਹੈ।** ਸ੍ਰ: ਹਰਮੰਦਰ ਸਿੰਘ. ਡਿਪਟੀ ਮੇਅਰ ਨੇ ਦਸਿਆ ਕਿ ਸੰਤਪੁਰਾ ਰੋਡ ਤੇ ਟੀ.ਪੀ. ਸਕੀਮ ਹੋਣ ਕਾਰਨ ਇਸ ਜਗ੍ਹਾ ਮੇਨ ਸੀਵਰ ਪਾਇਆ ਜਾਣਾ ਹੈ। ਇਹ ਸੀਵਰ AMRUT Scheme ਤਹਿਤ ਪਾਇਆ ਜਾਣਾ ਹੈ। ਕੰਮ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਵਿਭਾਗ ਵੱਲੋਂ ਕੀਤਾ ਜਾਣਾ ਹੈ। ਉਹਨਾਂ ਇਹ ਵੀ ਦਸਿਆ ਕਿ ਸੰਤਪੁਰਾ ਰੋਡ ਤੇ ਗਲੀਆਂ ਵਿੱਚ ਸੀਵਰ ਹੋਣ ਕਾਰਨ ਕਿਸੇ ਵੀ ਵਸਨੀਕ ਨੂੰ ਕੋਈ ਪਰੇਸ਼ਾਨੀ ਨਹੀਂ ਹੋ ਰਹੀ।

ਸ਼੍ਰੀ ਆਤਮਾ ਸਿੰਘ, ਕੌਂਸਲਰ ਨੇ ਹਾਊਸ ਵਿੱਚ ਮੌਜੂਦ ਕੌਂਸਲਰ ਸਾਹਿਬਾਨ ਨੂੰ ਅੱਜ ਦੀ ਮੀਟਿੰਗ ਵਿੱਚ ਮੱਦ ਨੰਬਰ 13 ਨੂੰ ਪਾਸ ਕਰਨ ਦੀ ਬੇਨਤੀ ਕੀਤੀ। ਫਿਰ ਉਹਨਾਂ ਕਿਹਾ ਕਿ ਪਿਛਲੇ ਦੋ ਸਾਲਾਂ ਤੋਂ ਉਹਨਾਂ ਦੇ ਵਾਰਡ ਵਿੱਚ ਲਾਲ ਸਿੰਘ ਬਸਤੀ, ਗਲੀ ਨੰਬਰ 19 ਵਿੱਚ ਨਗਰ ਨਿਗਮ ਵੱਲੋਂ ਨਕਸ਼ੇ ਪਾਸ ਨਹੀਂ ਕੀਤੇ ਜਾ ਰਹੇ, ਜਦਕਿ ਨਗਰ ਨਿਗਮ ਵੱਲੋਂ ਸਾਰੀਆਂ ਫੀਸਾਂ ਅਤੇ ਟੈਕਸ ਲਏ ਜਾਂਦੇ ਹਨ। ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਸੀਵਰ ਦੀ ਸਫਾਈ ਨਾਂ ਤਾਂ ਤ੍ਰਿਵੇਣੀ ਕੰਪਨੀ ਵੱਲੋਂ ਕੀਤੀ ਜਾਂਦੀ ਹੈ ਅਤੇ ਨਾ ਹੀ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਕਰਮਚਾਰੀਆਂ ਵੱਲੋਂ। ਉਹਨਾਂ ਦਸਿਆ ਕਿ ਪਿਛਲੇ ਦਿਨੀ ਸਟਾਰ ਇਨਕਲੈਵ ਕਲੋਨੀ ਦੇ ਵਸਨੀਕਾਂ ਪਾਸੋਂ 6000/- ਰੁਪਏ ਇੱਕਠੇ ਕਰਕੇ ਆਪਣੇ ਪੱਧਰ ਤੇ ਸੀਵਰ ਦੀ ਸਫਾਈ ਪ੍ਰਾਈਵੇਟ ਵਿਅਕਤੀਆਂ ਪਾਸੋਂ ਕਰਵਾਈ ਗਈ। ਉਹਨਾਂ ਜਲਦ ਤੋਂ ਜਲਦ ਸਾਰੇ ਵਾਰਡ ਵਿੱਚ ਸੀਵਰੇਜ਼ ਦੀ ਸਫਾਈ ਕਰਵਾਉਣ ਦੀ ਮੰਗ ਕੀਤੀ। ਫਿਰ ਉਹਨਾਂ ਕਿਹਾ ਕਿ ਰਾਜ ਕੁਮਾਰ ਨਾਮ ਦੇ ਮੁਰਦਾ ਪਸ਼ੂਆਂ ਨੂੰ ਚੁੱਕਣ ਵਾਲੇ ਠੇਕੇਦਾਰ ਦੇ ਨਗਰ ਨਿਗਮ ਨੇ ਤਕਰੀਬਨ 2.83 ਲੱਖ ਰੁਪਏ ਦੇਣੇ ਹਨ। ਪਰੰਤੂ ਦਿੱਤੇ ਨਹੀਂ ਜਾ ਰਹੇ। ਉਹਨਾਂ ਜਲਦ ਤੋਂ ਜਲਦ ਇਸ ਠੇਕੇਦਾਰ ਦੀ ਬਣਦੀ ਰਕਮ ਰਲੀਜ਼ ਕਰਨ ਦੀ ਮੰਗ ਕੀਤੀ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਸਬੰਧਤ ਅਧਿਕਾਰੀਆਂ ਨੂੰ ਬਣਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ।**

ਸ਼੍ਰੀ ਸੁਖਰਾਜ ਸਿੰਘ ਔਲਖ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਮੁਲਤਾਨੀਆ ਰੋਡ ਅਤੇ ਬੀੜ ਰੋਡ ਤੇ ਸੀਵਰੇਜ਼ ਅਤੇ ਸੜ੍ਹਕਾਂ ਦਾ ਬੁਰਾ ਹਾਲ ਹੈ। ਇਹਨਾਂ ਥਾਂਵਾਂ ਤੇ ਸੀਵਰੇਜ਼ ਅਤੇ ਪਾਣੀ ਦੀ ਪਾਈਪ ਲਾਈਨ ਪਾਈ ਜਾਣੀ ਹੈ। ਪਰੰਤੂ ਕੰਮਾਂ ਦੀ ਰਫਤਾਰ ਸੁਸਤ ਹੋਣ ਕਾਰਨ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਕਿਹਾ ਕਿ ਉਹਨਾਂ ਵੱਲੋਂ ਪਿਛਲੀ ਮੀਟਿੰਗ ਵਿੱਚ ਨਗਰ ਨਿਗਮ ਦਫਤਰ ਵਿਖੇ ਕੰਮ ਕਰ ਰਹੇ ਰਿਟਾਇਰਡ ਕਰਮਚਾਰੀਆਂ ਦਾ ਮੁੱਦਾ ਚੁੱਕਿਆ ਸੀ। ਇਹਨਾਂ ਵਿੱਚੋਂ ਕਈ ਰਿਟਾਇਰਡ ਕਰਮਚਾਰੀ ਤਾਂ ਪਿਛਲੇ 8-10 ਸਾਲਾਂ ਤੋਂ ਨਗਰ ਨਿਗਮ ਵਿਖੇ ਹੀ ਕੰਮ ਕਰ ਰਹੇ ਹਨ। ਇਹ ਇੱਕ ਬਹੁਤ ਹੀ ਵੱਡਾ ਸਕੈਂਡਲ ਹੈ। ਰਿਟਾਇਰਡ ਕਰਮਚਾਰੀਆਂ ਦੇ ਬੱਚਿਆਂ, ਨੂੰਹ ਅਤੇ ਜਵਾਈ ਦੇ ਨਾਮ ਤੇ ਤਨਖਾਹ ਰਲੀਜ਼ ਕੀਤੀ ਜਾ ਰਹੀ ਹੈ। ਇਸ ਸਬੰਧੀ ਜਦੋਂ ਨਿਗਰਾਨ ਇੰਜੀਨੀਅਰ ਨੂੰ ਪੁੱਛਿਆ ਗਿਆ ਸੀ ਤਾਂ ਉਹਨਾਂ ਜਵਾਬ ਦਿੱਤਾ ਸੀ ਕਿ ਇਹ ਰਿਟਾਇਰਡ ਕਰਮਚਾਰੀ ਤਜ਼ਰਬੇਕਾਰ ਹਨ। ਉਹਨਾਂ ਰਿਟਾਇਰਡ ਕਰਮਚਾਰੀਆਂ ਦੀ ਥਾਂ ਤੇ ਨੌਜਵਾਨ ਭਰਤੀ ਕਰਨ ਦੀ ਮੰਗ ਕੀਤੀ ਅਤੇ ਕਿਹਾ ਕਿ ਅਜਿਹੇ ਜੋ ਰਿਟਾਇਰਡ ਕਰਮਚਾਰੀ ਹਾਊਸ ਨੂੰ ਜਾਣੂ ਕਰਵਾਏ ਬਿਨਾਂ ਰੱਖੇ ਹੋਏ ਹਨ, ਉਹਨਾਂ ਸਬੰਧੀ ਇਨਕੁਆਰੀ ਕਰਵਾਈ ਜਾਵੇ ਅਤੇ ਜਿੰਨ੍ਹਾਂ ਅਧਿਕਾਰੀਆਂ ਵੱਲੋਂ ਇੰਨ੍ਹਾਂ ਦੀ ਨਿਯੁਕਤੀ ਕੀਤੀ ਗਈ ਹੈ, ਉਹਨਾਂ ਨੂੰ ਸਸਪੈਂਡ ਕੀਤਾ ਜਾਵੇ। ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਦਸਿਆ ਕਿ ਸ਼੍ਰੀ ਬਲਦੇਵ ਰਾਜ ਨਾਮ ਦੇ ਇੱਕ ਰਿਟਾਇਰਡ ਕਰਮਚਾਰੀ ਦਾ ਬੱਚਾ ਤਾਂ ਨੋਇਡਾ ਵਿਖੇ ਨੌਕਰੀ ਕਰ ਰਿਹਾ ਹੈ, ਜਦਕਿ ਦੂਸਰੇ ਪਾਸੇ ਉਸਦੀ ਤਨਖਾਹ ਨਗਰ ਨਿਗਮ ਵੱਲੋਂ ਰਲੀਜ਼ ਕੀਤੀ ਜਾ ਰਹੀ ਹੈ ਅਤੇ ਉਸਦੀ ਥਾਂ ਤੇ ਨਗਰ ਨਿਗਮ ਵਿਖੇ ਸ੍ਰੀ ਬਲਦੇਵ ਰਾਜ ਕੰਮ ਕਰ ਰਿਹਾ ਹੈ। ਉਹਨਾਂ ਇੱਕ ਵਿਅਕਤੀ ਦੀ ਦੋ ਥਾਂਵਾਂ ਤੇ ਤਨਖਾਹ ਰਲੀਜ਼ ਹੋਣ ਬਾਰੇ ਇਨਕੁਆਰੀ ਕਰਵਾਉਣ ਦੀ ਮੰਗ ਕੀਤੀ। ਇਸਤੇ **ਮੇਅਰ ਅਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਜਲਦ ਹੀ ਇਸ ਸਬੰਧੀ ਬਣਦੀ ਕਾਰਵਾਈ ਕਰਨ ਦਾ ਆਦੇਸ਼ ਦਿੱਤਾ।** ਕੌਂਸਲਰ ਨੇ ਇਹ ਵੀ ਪੁੱਛਿਆ ਕਿ ਇਹਨਾਂ ਰਿਟਾਇਰਡ ਕਰਮਚਾਰੀਆਂ ਨੂੰ ਰੱਖਿਆ ਹੀ ਕਿਉਂ ਗਿਆ? ਉਹਨਾਂ ਨਗਰ ਨਿਗਮ ਵਿਖੇ ਲੱਗੇ ਰਿਟਾਇਰਡ ਕਰਮਚਾਰੀਆਂ ਦੇ ਨਾਮ ਦਸਦੇ ਹੋਏ ਜਲਦ ਤੋਂ ਜਲਦ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ।

ਸ਼੍ਰੀ ਵਿਕਰਮ ਕ੍ਰਾਂਤੀ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਦੀ ਸਮੱਸਿਆ ਬਹੁਤ ਜਿਆਦਾ ਗੰਭੀਰ ਹੈ। ਉਹਨਾਂ ਕਿਹਾ ਕਿ ਤਕਰੀਬਨ ਦੋ ਮਹੀਨੇ ਪਹਿਲਾਂ ਉਹਨਾਂ ਵੱਲੋਂ ਆਪਣੇ ਵਾਰਡ ਦੀ ਸਮੱਸਿਆ ਨੂੰ ਲੈ ਕੇ ਧਰਨਾ ਵੀ ਲਗਾਇਆ ਗਿਆ ਸੀ। ਉਹਨਾਂ ਦਸਿਆ ਕਿ ਤਕਰੀਬਨ ਇੱਕ ਲੱਖ ਦੀ ਆਬਾਦੀ ਦਾ ਗੰਦਾ ਪਾਣੀ ਉਹਨਾਂ ਦੇ ਵਾਰਡ ਦੇ ਬਲਰਾਜ ਨਗਰ ਵਿੱਚ ਕੱਢਿਆ ਜਾ ਰਿਹਾ ਹੈ। ਉਹਨਾਂ ਜਾਣੂ ਕਰਵਾਇਆ ਕਿ ਰੇਲਵੇ ਵਿਭਾਗ ਵੱਲੋਂ ਉਹਨਾਂ ਦੇ ਏਰੀਏ ਵਿੱਚ ਸੀਵਰੇਜ਼ ਦੀ ਪਾਈਪ ਪਾਈ ਗਈ ਹੈ, ਜੋ ਕਿ ਮੁਸ਼ਕਿਲ ਨਾਲ ਅੱਧਾ ਘੰਟਾ ਚੱਲਣ ਉਪਰੰਤ ਹੀ ਬਲੌਕ ਹੋ ਗਈ ਸੀ। ਪਿਛਲੇ ਤਕਰੀਬਨ 8-9 ਸਾਲਾਂ ਤੋਂ ਬਲਰਾਜ ਨਗਰ ਵਿੱਚ ਗੰਦਾ ਪਾਣੀ ਨਿਕਲ ਰਿਹਾ ਹੈ। ਇਸ ਸਬੰਧੀ ਅਜੇ ਤੱਕ ਨਾ ਤਾਂ ਉਹਨਾਂ ਦੀ ਸੁਣਵਾਈ ਹੋ ਰਹੀ ਹੈ ਅਤੇ ਨਾ ਹੀ ਕੋਈ ਕੰਮ ਕੀਤਾ ਜਾ ਰਿਹਾ ਹੈ। ਉਹਨਾਂ ਇਹ ਵੀ ਜਾਣੂ ਕਰਵਾਇਆ ਕਿ ਪਿੱਛੇ ਤੋਂ ਕੈਨਾਲ ਕਲੋਨੀ ਵਾਲੀ ਡਿਸਪੋਜ਼ਲ ਤੋਂ 150 ਐਚ.ਪੀ. ਦੀ ਮੋਟਰ ਲਗਾ ਕੇ ਗੰਦੇ ਪਾਣੀ ਦੀ ਨਿਕਾਸੀ ਬਲਰਾਜ ਨਗਰ ਵਿੱਚ ਕੀਤੀ ਜਾਂਦੀ ਹੈ, ਜਦਕਿ ਬਲਰਾਜ ਨਗਰ ਵਿਖੇ ਸਿਰਫ 90 ਐਚ.ਪੀ. ਦੀ ਮੋਟਰ ਲਗਾ ਕੇ ਨਿਕਾਸੀ ਕੀਤੀ ਜਾਂਦੀ ਹੈ। ਇਸ ਨਾਲ ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਾਰਨ ਲੋਕ ਨਰਕ ਭਰੀ ਜਿੰਦਗੀ ਜੀ ਰਹੇ ਹਨ। ਉਹਨਾਂ ਇਹ ਵੀ ਦਸਿਆ ਕਿ ਨਾਲੇ ਵਿੱਚ ਗਾਰ ਬਹੁਤ ਜਿਆਦਾ ਭਰ ਗਈ ਹੈ, ਜਿਸਨੂੰ ਖਾਲੀ ਨਹੀਂ ਕਰਵਾਇਆ ਜਾ ਰਿਹਾ। ਉਹਨਾਂ ਜਲਦ ਤੋਂ ਜਲਦ ਗਾਰ ਕਢਵਾ ਕੇ ਨਾਲੇ ਦੀ ਸਫਾਈ ਕਰਵਾਉਣ ਦੀ ਮੰਗ ਕੀਤੀ ਤਾਂ ਜੋ ਲੋਕਾਂ ਨੂੰ ਰਾਹਤ ਮਿਲ ਸਕੇ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਰੇਲਵੇ ਵਿਭਾਗ ਵੱਲੋਂ ਪਾਈ ਗਈ ਪਾਈਪ ਸਬੰਧੀ ਇਨਕੁਆਰੀ ਕਰਵਾਉਣ ਖਾਤਰ ਰੇਲਵੇ ਵਿਭਾਗ ਨੂੰ ਪੱਤਰ ਲਿਖਿਆ ਜਾਵੇਗਾ ਅਤੇ ਉਹਨਾਂ ਦੀ ਜਿੰਮੇਵਾਰੀ ਫਿਕਸ ਕੀਤੀ ਜਾਵੇਗੀ।**

ਸ੍ਰ: ਹਰਵਿੰਦਰ ਸਿੰਘ, ਕੌਂਸਲਰ ਨੇ ਅੱਜ ਦੀ ਮੀਟਿੰਗ ਵਿੱਚ ਡਿਪਟੀ ਕਮਿਸ਼ਨਰ-ਕਮ-ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਦੇ ਭਾਗ ਲੈਣ ਤੇ ਉਹਨਾਂ ਦਾ ਧੰਨਵਾਦ ਕੀਤਾ। ਉਹਨਾਂ ਦਸਿਆ ਕਿ ਤਕਰੀਬਨ ਦੋ ਸਾਲ ਪਹਿਲਾਂ ਨਗਰ ਨਿਗਮ ਵਿਖੇ 322 ਸਫਾਈ ਕਰਮਚਾਰੀ ਕੰਟਰੈਕਟ ਬੇਸਿਸ ਤੇ ਰੱਖਣ ਖਾਤਰ ਭਰਤੀ ਦੀ ਪ੍ਰਕ੍ਰਿਆ ਨਗਰ ਨਿਗਮ ਬਠਿੰਡਾ ਵੱਲੋਂ ਸ਼ੁਰੂ ਕੀਤੀ ਗਈ ਸੀ। ਇਸ ਪ੍ਰਕ੍ਰਿਆ ਨੂੰ ਸੁੱਚਜੇ ਢੰਗ ਨਾਲ ਪੂਰਾ ਕਰਨ ਖਾਤਰ ਹਾਊਸ ਵੱਲੋਂ 5 ਮੈਂਬਰੀ ਸਬ-ਕਮੇਟੀ ਦਾ ਗਠਨ ਕੀਤਾ ਗਿਆ ਸੀ, ਜਿਸ ਵਿੱਚ ਉਹ ਵੀ ਮੈਂਬਰ ਹਨ। ਇਸ ਸਬ-ਕਮੇਟੀ ਵੱਲੋਂ ਆਪਣੀ ਪ੍ਰਕ੍ਰਿਆ ਪੂਰੀ ਕਰ ਦਿੱਤੀ। ਹੁਣ ਇਹ ਫਾਇਲ ਜਿਲਾ ਭਲਾਈ ਅਫਸਰ ਜੀ ਪਾਸ ਭੇਜੀ ਗਈ ਹੈ। ਉਹਨਾਂ ਜਲਦ ਤੋਂ ਜਲਦ ਇਸ ਪ੍ਰਕ੍ਰਿਆ ਨੂੰ ਪੂਰਾ ਕਰਦੇ ਹੋਏ ਇੰਨ੍ਹਾਂ 322 ਸਫਾਈ ਸੇਵਕਾਂ ਨੂੰ ਨਿਯੁਕਤ ਕਰਨ ਦੀ ਮੰਗ ਕੀਤੀ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਜਲਦ ਹੀ ਕਾਰਵਾਈ ਪੂਰੀ ਕੀਤੀ ਜਾਵੇਗੀ।**

ਸ੍ਰ: ਹਰਵਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਹਾਊਸ ਦੀ ਮੀਟਿੰਗ ਮਿਤੀ 07.07.2023 ਵਿੱਚ ਆਲ ਇੰਡੀਆਂ ਵੂਮੈਨ ਕਾਨਫਰੰਸ ਪਾਸੋਂ ਬਕਾਇਆ ਵਸੂਲ ਕਰਨ ਅਤੇ ਇਹਨਾਂ ਦੀ ਲੀਜ਼ ਦੀ ਮਿਆਦ ਵਧਾਉਣ ਸਬੰਧੀ ਏਜੰਡਾ ਲਗਾਇਆ ਗਿਆ ਸੀ। ਉਹਨਾਂ ਦਸਿਆ ਕਿ ਇਹ ਸੰਸਥਾਂ ਪਾਸ ਨਗਰ ਨਿਗਮ ਦੀ ਤਕਰੀਬਨ 2 ਕੈਨਾਲ ਜਗ੍ਹਾ ਹੈ, ਜਿਸ ਵਿੱਚ ਇਸ ਸੰਸਥਾਂ ਵੱਲੋਂ ਗਰੀਬ ਬੱਚਿਆਂ ਨੂੰ ਪੜਾਇਆ ਜਾਂਦਾ ਹੈ। ਉਹਨਾਂ ਕਿਹਾ ਕਿ ਨਗਰ ਨਿਗਮ ਬਠਿੰਡਾ ਪਹਿਲਾਂ ਹੀ ਮਾਨਯੋਗ ਅਦਾਲਤ ਬਠਿੰਡਾ ਅਤੇ ਫਿਰੋਜ਼ਪੁਰ ਤੋਂ ਇਸ ਜਗ੍ਹਾ ਨੂੰ ਖਾਲੀ ਕਰਵਾਉਣ ਲਈ ਸਾਲ 1995 ਵਿੱਚ ਕੇਸ ਜਿੱਤ ਚੁੱਕੀ ਹੈ। ਇਸਦੇ ਬਾਵਜੂਦ ਵੀ ਅਜੇ ਤੱਕ ਇਸ ਜਗ੍ਹਾ ਨੂੰ ਇਸ ਸੰਸਥਾਂ ਪਾਸੋਂ ਛੁਡਵਾਇਆ ਨਹੀਂ ਗਿਆ। ਇਹ ਬਹੁਤ ਹੀ ਕੀਮਤੀ ਜਗ੍ਹਾ ਹੈ। ਇਸ ਲਈ ਇਸ ਜਮੀਨ ਨੂੰ ਜਲਦ ਤੋਂ ਜਲਦ ਇਸ ਸੰਸਥਾਂ ਪਾਸੋਂ ਛੁਡਵਾਇਆ ਜਾਵੇ। ਇਸਤੇ ਹਾਊਸ ਵਿੱਚ ਮੋਜੂਦ ਕੌਂਸਲਰ ਸਾਹਿਬਾਨ ਵੱਲੋਂ ਇਸ ਸੰਸਥਾਂ ਪਾਸੋਂ ਜਮੀਨ ਦਾ ਕਬਜਾ ਨਗਰ ਨਿਗਮ ਵੱਲੋਂ ਲੈਣ ਦੀ ਮੰਗ ਕੀਤੀ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਸ ਸਬੰਧੀ ਕੇਸ ਵਾਚਣ ਉਪਰੰਤ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।**

ਸ੍ਰ: ਹਰਵਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਸੰਤਪੁਰਾ ਰੋਡ ਤੋਂ ਪਰਸ ਰਾਮ ਨਗਰ ਨੂੰ ਜਾਂਦੇ ਰਸਤੇ ਤੇ ਅੰਡਰਬਰਿਜ ਦੀ ਚੋੜਾਈ ਘੱਟ ਹੋਣ ਕਾਰਨ ਅਤੇ ਟ੍ਰੈਫਿਕ ਦੇ ਜਿਆਦਾ ਹੋਣ ਕਾਰਨ ਆਏ ਦਿਨ ਜਾਮ ਲਗਿਆ ਰਹਿੰਦਾ ਹੈ ਅਤੇ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਇਸ ਅੰਡਰਬਰਿਜ ਦੀ ਚੌੜਾਈ ਦੋਹਾਂ ਪਾਸਿਓਂ ਘੱਟੋ-ਘੱਟ 5 ਫੁੱਟ ਹੋਰ ਵਧਾਉਣ ਦੀ ਮੰਗ ਕੀਤੀ। ਉਹਨਾਂ ਦਸਿਆ ਕਿ ਇਹ ਅੰਡਰਬਰਿਜ ਅੰਬਾਲਾ ਡਵੀਜ਼ਨ ਦਾ ਹੈ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਜੇਕਰ ਰੇਲਵੇ ਵਿਭਾਗ ਪਾਸੋਂ ਇਸ ਸਬੰਧੀ ਪ੍ਰਵਾਨਗੀ ਲੈਣ ਉਪਰੰਤ ਬਣਦੀ ਕਾਰਵਾਈ ਕਰ ਦਿੱਤੀ ਜਾਵੇਗੀ।**

ਸ੍ਰ: ਹਰਵਿੰਦਰ ਸਿੰਘ, ਕੌਂਸਲਰ ਨੇ ਦਸਿਆ ਕਿ ਸੰਤਪੁਰਾ ਰੋਡ ਤੇ ਗੁਰੂਕੁੱਲ ਰੋਡ ਨੂੰ ਜਾਂਦੇ ਰਸਤੇ ਤੇ ਓਵਰਬਰਿਜ ਦੇ ਉਤਰਨ ਵਾਲੀ ਥਾਂ ਤੇ ਤਿੰਨ ਸੜ੍ਹਕਾਂ ਇੱਕਠੀਆਂ ਹੁੰਦੀਆਂ ਹਨ। ਇਸ ਸੜ੍ਹਕ ਤੇ ਤਿੰਨ ਬੈਂਕ, ਕਈ ਦੁਕਾਨਾਂ ਅਤੇ ਸਬਜੀ ਫਰੂੱਟ ਵੇਚਣ ਵਾਲਿਆਂ ਦੀਆਂ ਰੇਹੜੀਆਂ ਲਗਦੀਆਂ ਹਨ। ਇਸ ਗੁਰੂਕੁੱਲ ਰੋਡ ਤੇ ਫਰੂਟ ਅਤੇ ਸਬਜੀ ਵੇਚਣ ਵਾਲਿਆਂ ਤੋਂ ਇਲਾਵਾ ਪਿਆਜ਼ ਵੇਚਣ ਵਾਲੀਆਂ ਟਰਾਲੀਆਂ ਵੀ ਲਗਣ ਕਾਰਨ ਇੱਥੋਂ ਲੰਘਣ ਵਾਲੇ ਰਾਹਗੀਰਾਂ ਨੂੰ ਬਹੁਤ ਹੀ ਜਿਆਦਾ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਏ ਦਿਨ ਐਕਸੀਡੈਂਟ ਵੀ ਹੁੰਦੇ ਰਹਿੰਦੇ ਹਨ। ਉਹਨਾਂ ਦਸਿਆ ਕਿ ਪਿਛਲੇ ਦਿਨੀ ਇੱਕ ਜੋਤੀ ਨਾਮ ਦੀ ਲੜਕੀ ਵੀ ਇਸੇ ਕਾਰਨ ਹਾਦਸੇ ਦਾ ਸ਼ਿਕਾਰ ਹੁੰਦੇ ਹੋਏ ਸਵਰਗ ਸਿਧਾਰ ਗਈ ਹੈ। ਉਹਨਾਂ ਜਲਦ ਤੋਂ ਜਲਦ ਇਹਨਾਂ ਰੇਹੜੀਆਂ ਅਤੇ ਪਿਆਜ਼ ਵੇਚਣ ਵਾਲੀਆਂ ਟਰਾਲੀਆਂ ਨੂੰ ਕਿਤੇ ਹੋਰ ਅਡਜੱਸਟ ਕਰਨ ਦੀ ਮੰਗ ਕੀਤੀ।

ਸ੍ਰ: ਹਰਵਿੰਦਰ ਸਿੰਘ, ਕੌਂਸਲਰ ਨੇ ਮੰਗ ਕੀਤੀ ਕਿ ਨਹਿਰ ਦੇ ਡੂੰਘਾ ਕਰਨ ਨਾਲ ਨਹਿਰ ਵਿੱਚ ਪਾਣੀ ਪੀਣ ਲਈ ਉਤਰਦੇ ਪਸ਼ੂ ਅਕਸਰ ਹੀ ਨਹਿਰ ਵਿੱਚ ਡਿਗ ਜਾਂਦੇ ਹਨ, ਜਿੰਨ੍ਹਾਂ ਨੂੰ ਆਸ ਪਾਸ ਦੇ ਵਸਨੀਕਾਂ ਵੱਲੋਂ ਕੱਢਿਆ ਜਾਂਦਾ ਹੈ। ਕਈ ਵਾਰ ਬੱਚੇ ਵੀ ਨਹਾਉਣ ਸਮੇਂ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ। ਉਹਨਾਂ ਬਲਰਾਜ ਨਗਰ ਤੋਂ ਲੈ ਕੇ ਰਿੰਗ ਰੋਡ ਬਾਈ ਪਾਸ ਤੱਕ ਨਹਿਰ ਵਿਚ ਪੌੜੀਆਂ ਬਨਾਉਣ ਦੀ ਮੰਗ ਕੀਤੀ। ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਲੁਧਿਆਣਾ ਦੀ ਤਰਜ਼ ਤੇ ਨਹਿਰ ਦੇ ਨਾਲ-ਨਾਲ Fencing ਵੀ ਜਰੂਰੀ ਹੈ, ਤਾਂ ਜੋ ਹਾਦਸਿਆਂ ਤੋਂ ਬਚਿਆ ਜਾ ਸਕੇ।

ਸ੍ਰ: ਹਰਵਿੰਦਰ ਸਿੰਘ, ਕੌਂਸਲਰ ਨੇ ਦਸਿਆ ਕਿ ਨਗਰ ਨਿਗਮ ਵਿਖੇ ਪਿਛਲੇ ਤਕਰੀਬਨ 8-10 ਸਾਲਾਂ ਤੋਂ ਕਈ ਕਰਮਚਾਰੀ ਆਉਟਸੋਰਸ ਤੇ ਕੰਮ ਕਰ ਰਹੇ ਹਨ। ਸਾਲ 2022 ਦੋਰਾਨ ਇਲੈਕਸ਼ਨਾਂ ਸਮੇਂ ਸ੍ਰ: ਭਗਵੰਤ ਸਿੰਘ ਮਾਨ, ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਵੱਲੋਂ ਇਹਨਾਂ ਆਉਟਸੋਰਸ ਤੇ ਰੱਖੇ ਕੱਚੇ ਕਾਮਿਆਂ ਨੂੰ ਪੱਕਾ ਕਰਨ ਦਾ ਵਾਅਦਾ ਕੀਤਾ ਸੀ। ਪਰੰਤੂ ਹੁਣ ਸਰਕਾਰ ਵੱਲੋ ਇਹਨਾਂ ਆਉਟਸੋਰਸ ਤੇ ਰੱਖੇ ਕਰਮਚਾਰੀਆਂ ਨੂੰ ਪੱਕਾ ਨਾ ਕਰਕੇ ਹਾਊਸ ਦਾ ਹੱਕ ਮਾਰਦੇ ਹੋਏ ਆਪਣੇ ਪੱਧਰ ਤੇ ਭਰਤੀ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਨਗਰ ਨਿਗਮ ਐਕਟ 1976 ਦੀ ਧਾਰਾ 71(7) ਅਧੀਨ ਦਰਜ਼ਾ ਇੱਕ ਅਤੇ ਦੋ ਕਰਮਚਾਰੀਆਂ ਦੀ ਭਰਤੀ ਕਰਨ ਦਾ ਹੱਕ ਸਰਕਾਰ ਪਾਸ ਹੈ, ਜਦਕਿ ਦਰਜ਼ਾ ਤਿੰਨ ਅਤੇ ਚਾਰ ਕਰਮਚਾਰੀਆਂ ਦੀ ਭਰਤੀ ਕਰਨ ਦਾ ਹੱਕ ਹਾਊਸ ਨਗਰ ਨਿਗਮ ਪਾਸ ਹੈ। ਸਰਕਾਰ ਵੱਲੋਂ ਹਾਊਸ ਦੇ ਹੱਕਾਂ ਤੇ ਡਾਕਾ ਕਿਉਂ ਮਾਰਿਆ ਗਿਆ? ਸ਼ਰਕਾਰ ਵੱਲੋਂ ਅਜਿਹਾ ਕਰਨਾ ਹਾਊਸ ਦੇ ਹੱਕਾਂ ਤੇ ਡਾਕਾ ਹੈ, ਇੱਕ ਕਾਤਲਾਨਾ ਹਮਲਾ ਹੈ। ਉਹਨਾਂ ਨਗਰ ਨਿਗਮ ਵਿਖੇ ਆਉਟਸੋਰਸ ਤੇ ਰੱਖੇ ਕਰਮਚਾਰੀਆਂ ਨੂੰ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਦੇ ਮਾਧਿਅਮ ਰਾਹੀਂ ਪੱਕਾ ਕਰਨ ਸਬੰਧੀ ਤਜਵੀਜ ਬਨਾਉਣ ਦੀ ਮੰਗ ਕੀਤੀ। ਇਸਤੇ ਸਮੁੱਚੇ ਹਾਊਸ ਵੱਲੋਂ ਮੇਜ਼ਾਂ ਥਪਥਪਾਈਆਂ ਗਈਆਂ ਅਤੇ ਇੰਨ੍ਹਾਂ ਆਉਟਸੋਰਸ ਤੇ ਰੱਖੇ ਕਰਮਚਾਰੀਆਂ ਨੂੰ ਪੱਕਾ ਕਰਨ ਸਬੰਧੀ ਤਜਵੀਜ ਬਨਾਉਣ ਦੀ ਮੰਗ ਕੀਤੀ। **ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਆਉਟਸੋਰਸ ਤੇ ਰੱਖੇ ਹੋਏ ਵਰਕਰ ਸਬੰਧਤ ਕੰਪਨੀ ਦੇ ਮੁਲਾਜ਼ਮ ਹੁੰਦੇ ਹਨ। ਇਹਨਾਂ ਨੂੰ ਸਰਕਾਰੀ ਮੁਲਾਜ਼ਮਾਂ ਦੀ ਤਰ੍ਹਾਂ ਟਰੀਟ ਨਹੀਂ ਕੀਤਾ ਜਾ ਸਕਦਾ।**

ਸ਼੍ਰੀ ਸੁਰੇਸ਼ ਚੋਹਾਨ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਸ਼ਹਿਰ ਵਿਖੇ ਬਣੇ ਕੁੱਝ ਨਵੇਂ ਇਲਾਕਿਆਂ ਵਿੱਚ ਸਫਾਈ ਕਰਵਾਉਣ ਖਾਤਰ ਸੈਲਫ ਹੈਲਪ ਗਰੁੱਪ ਬਣਾ ਕੇ 70 ਵਰਕਰਾਂ ਨੂੰ ਨਿਯੁਕਤ ਕਰਨਾ ਪਾਸ ਕੀਤਾ ਸੀ। ਅਜੇ ਤੱਕ ਸਿਰਫ 50 ਵਰਕਰ ਹੀ ਰੱਖੇ ਗਏ ਹਨ, ਜਦਕਿ 20 ਬਕਾਇਆ ਹਨ। ਇਹਨਾਂ 20 ਵਰਕਰਾਂ ਦੇ ਟਰਾਇਲ ਹੀ ਲਿੱਤੇ ਜਾ ਰਹੇ ਹਨ, ਜਦਕਿ ਇੰਨ੍ਹਾਂ ਨੂੰ ਡਿਊਟੀ ਤੇ ਨਹੀਂ ਲਗਾਇਆ ਜਾ ਰਿਹਾ।ਉਹਨਾਂ ਕਿਹਾ ਕਿ ਬਠਿੰਡਾ ਸ਼ਹਿਰ ਪਹਿਲਾਂ ਸਵੱਛਤਾ ਦੇ ਮਾਮਲੇ ਵਿੱਚ ਤਿੰਨ ਵਾਰ ਇੱਕ ਨੰਬਰ ਤੇ ਆਇਆ ਸੀ। ਪਰੰਤੂ ਹੁਣ ਅਸੀ ਪਿਛੜ ਚੁੱਕੇ ਹਾਂ। ਉਹਨਾਂ ਜਲਦ ਤੋਂ ਜਲਦ ਇਹਨਾਂ 20 ਵਰਕਰਾਂ ਦੀ ਨਿਯੁਕਤੀ ਕਰਨ ਦੀ ਮੰਗ ਕੀਤੀ। ਫਿਰ ਉਹਨਾਂ ਦਸਿਆ ਕਿ ਸੰਜੇ ਨਗਰ, ਮੇਨ ਰੋਡ ਤੇ ਪੁੱਲ ਬਣਨ ਖਾਤਰ ਸੀਵਰੇਜ਼ ਦੀ ਪਾਈਪ ਨੂੰ ਟੁੱਟੇ ਹੋਏ ਤਕਰੀਬਨ 6 ਮਹੀਨੇ ਹੋ ਚੁੱਕੇ ਹਨ। ਲੋਕ ਨਰਕ ਭਰੀ ਜਿੰਦਗੀ ਜੀ ਰਹੇ ਹਨ। ਇਹ ਇੱਕ ਮੇਨ ਸੜ੍ਹਕ ਹੈ, ਜਿਸ ਤੋਂ ਸੰਜੇ ਨਗਰ, ਬਲਰਾਜ ਨਗਰ, ਬੰਗੀ ਨਗਰ, ਅਮਰਪੁਰਾ ਬਸਤੀ, ਸੰਗੂਆਣਾ ਬਸਤੀ ਅਤੇ ਹੋਰ ਕਈ ਇਲਾਕਿਆਂ ਦੇ ਲੋਕ ਇਸ ਸੜ੍ਹਕ ਤੋਂ ਰੋਜ਼ਾਨਾਂ ਲੰਘਦੇ ਹਨ। ਉਹਨਾਂ ਜਲਦ ਤੋਂ ਜਲਦ ਇਸ ਸੀਵਰੇਜ਼ ਦੀ ਪਾਈਪ ਨੂੰ ਜੋੜ੍ਹਨ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਡਿਪਟੀ ਕਮਿਸ਼ਨਰ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਵਾਤਾਵਰਣ ਸਬੰਧੀ ਹੋਈ ਮੀਟਿੰਗ ਵਿੱਚ ਪ੍ਰੇਰਣਾ ਲੈਂਦੇ ਹੋਏ ਉਹਨਾਂ ਵੱਲੋਂ ਆਪਣੇ ਵਾਰਡ ਵਿੱਚ 50 ਬੁੱਟੇ ਲਗਾਏ ਗਏ ਹਨ। ਫਿਰ ਉਹਨਾਂ ਕਿਹਾ ਕਿ ਸੰਜੇ ਨਗਰ ਗਲੀ ਨੰਬਰ 20 ਅਤੇ 2/2 ਦੀ ਬੈਕਸਾਇਡ 400-500 ਫੁੱਟ ਪਾਈਪ ਦਾ ਟੋਟਾ ਪੈਣ ਵਾਲਾ ਹੈ। ਉਹਨਾਂ ਦਸਿਆ ਕਿ ਆਵਾ ਬਸਤੀ ਦੀ ਗਲੀ ਨੰਬਰ 5, 2 ਅਤੇ 2 ਨੰਬਰ ਗਲੀਆਂ ਦੀ ਬਰਾਂਚਾਂ ਵਿੱਚ ਇੰਟਰਲਾਕਿੰਗ ਟਾਇਲਾਂ ਲਗਾਉਣ ਸਬੰਧੀ ਤਕਰੀਬਨ 11.00 ਲੱਖ ਰੁਪਏ ਦਾ ਤਖਮੀਨਾ ਪਾਸ ਕੀਤਾ ਹੋਇਆ ਹੈ। ਪਰੰਤੂ ਅਜੇ ਤੱਕ ਕੰਮ ਨਹੀਂ ਕੀਤਾ ਗਿਆ। **ਇਸਤੇ ਨਿਗਮ ਇੰਜੀਨੀਅਰ ਨੇ ਦਸਿਆ ਕਿ ਇਸ ਸਬੰਧੀ ਟੈਂਡਰ ਲਗਾਇਆ ਹੋਇਆ ਹੈ। ਟੈਂਡਰ ਖੁੱਲਣ ਉਪਰੰਤ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।** ਸ਼੍ਰੀ ਸੁਰੇਸ਼ ਚੋਹਾਨ, ਕੌਂਸਲਰ ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਲਗਿਆ ਆਰ.ਓ. ਬਿਲਕੁੱਲ ਬੰਦ ਪਿਆ ਹੈ। ਉਹਨਾਂ ਮੰਗ ਕੀਤੀ ਕਿ ਜਾਂ ਤਾਂ ਇਸ ਆਰ.ਓ ਨੂੰ ਚਲਾ ਦਿੱਤਾ ਜਾਵੇ ਤਾਂ ਜੋ ਲੋਕ ਪੀਣ ਵਾਲਾ ਸਾਫ ਸੁਥਰਾ ਪਾਣੀ ਲੈ ਸਕਣ ਅਤੇ ਜਾਂ ਇਸ ਆਰ.ਓ. ਨੂੰ ਬਿਲਕੁੱਲ ਹੀ ਬੰਦ ਕਰਕੇ ਇਸ ਜਗ੍ਹਾ ਨੂੰ ਪਾਰਕ ਜਾਂ ਕਿਸੇ ਹੋਰ ਮੰਤਵ ਲਈ ਵਰਤ ਲਿਆ ਜਾਵੇ। ਫਿਰ ਉਹਨਾਂ ਕਿਹਾ ਕਿ ਸੰਜੇ ਨਗਰ, ਸਰਕਾਰੀ ਸਕੂਲ ਦੇ ਨੇੜੇ ਬਹੁਤ ਜਿਆਦਾ ਪਸ਼ੂ ਹੋਣ ਕਾਰਨ ਇਹਨਾਂ ਨੂੰ ਜਲਦ ਤੋਂ ਜਲਦ ਇਸ ਜਗ੍ਹਾ ਤੋਂ ਪਹਿਲ ਦੇ ਆਧਾਰ ਤੇ ਚੁਕਵਾਇਆ ਜਾਵੇ। ਉਹਨਾਂ ਡਿਸਪੋਜ਼ਲ ਦੀ ਸਮੱਰਥਾ ਵਧਾਉਣ ਦੀ ਮੰਗ ਕੀਤੀ ਤਾਂ ਜੋ ਗੰਦੇ ਪਾਣੀ ਦੀ ਨਿਕਾਸੀ ਜਲਦ ਹੋ ਸਕੇ। ਫਿਰ ਉਹਨਾਂ ਦਸਿਆ ਕਿ ਸੰਜੇ ਨਗਰ ਪੌਂਡ ਵਿੱਚ ਬਰਸਾਤਾਂ ਦੌਰਾਨ ਤਕਰੀਬਨ ਅੱਧੇ ਸ਼ਹਿਰ ਦਾ ਪਾਣੀ ਇੱਕਠਾ ਹੁੰਦਾ ਹੈ। ਪਰੰਤੂ ਹੁਣ ਬਰਸਾਤਾਂ ਨਾ ਹੋਣ ਦੇ ਬਾਵਜੂਦ ਵੀ ਇਸ ਪੌਂਡ ਵਿੱਚ ਪਾਣੀ ਖੜਾ ਹੈ। ਉਹਨਾਂ ਇਸ ਪੌਂਡ ਨੂੰ ਖਾਲੀ ਕਰਨ ਦੀ ਮੰਗ ਕੀਤੀ ਅਤੇ Amrut Sarovar ਯੋਜਨਾ ਤਹਿਤ ਪਾਸ ਹੋਏ ਤਕਰੀਬਨ 4.00 ਕਰੋੜ੍ਹ ਰੁਪਏ ਦੀ ਰਾਸ਼ੀ ਨਾਲ ਇਸ ਪੌਂਡ ਦੇ ਆਸੇ ਪਾਸੇ ਸੁੰਦਰਤਾ ਵਧਾਉਣ ਦੀ ਮੰਗ ਕੀਤੀ।

ਸ੍ਰ: ਹਰਵਿੰਦਰ ਸਿੰਘ, ਕੌਂਸਲਰ ਨੇ ਦਸਿਆ ਕਿ ਕੰਮਿਊਨਿਟੀ ਟਾਇਲਟ/ ਪਬਲਿਕ ਟਾਇਲਟ ਤੇ ਲੱਗੇ ਮੁਲਾਜ਼ਮਾਂ ਨੂੰ ਪਿਛਲੇ ਤਿੰਨ ਮਹੀਨਿਆਂ ਤੋਂ ਤਨਖਾਹ ਨਹੀਂ ਦਿੱਤੀ ਗਈ। ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਦਸਿਆ ਕਿ ਸੰਗੂਆਣਾ ਬਸਤੀ ਵਿਖੇ ਬਣੇ ਪਬਲਿਕ ਟਾਇਲਟ ਦੇ ਦਰਵਾਜ਼ੇ ਟੁੱਟ ਚੁੱਕੇ ਹਨ। ਇਹਨਾਂ ਨੂੰ ਜਲਦ ਤੋਂ ਜਲਦ ਠੀਕ ਕਰਵਾਇਆ ਜਾਵੇ।

ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿ ਉਹਨਾਂ ਦੇ ਏਰੀਏ ਵਿੱਚ ਵਰਕਸ਼ਾਪਾਂ ਜਿਆਦਾ ਹੋਣ ਕਾਰਨ ਇਸ ਜਗ੍ਹਾ ਫੋਗਿੰਗ ਹੋਣ ਵਾਲੀ ਹੈ। ਫਿਰ ਉਹਨਾਂ ਦਸਿਆ ਕਿ ਸਬਜੀ ਮੰਡੀ ਵਿੱਚ ਬਣਾਇਆ ਗਿਆ ਪਬਲਿਕ ਟਾਇਲਟ ਪਿਛਲੇ 2-3 ਸਾਲਾਂ ਤੋਂ ਬੰਦ ਪਿਆ ਹੈ। ਉਹਨਾਂ ਇਸ ਟਾਇਲਟ ਨੂੰ ਚਲਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਜਾਣੂ ਕਰਵਾਇਆ ਕਿ ਉਹਨਾਂ ਦੇ ਵਾਰਡ ਵਿੱਚ ਕੁੱਤਿਆਂ ਅਤੇ ਬੇਸਹਾਰਾ ਪਸ਼ੂਆਂ ਦੀ ਬਹੁਤ ਜਿਆਦਾ ਸਮੱਸਿਆ ਹੈ, ਉਸ ਦਾ ਵੀ ਹੱਲ ਕੀਤਾ ਜਾਵੇ।

ਸ਼੍ਰੀ ਬਲਰਾਜ ਸਿੰਘ, ਕੌਂਸਲਰ ਨੇ ਹੇਠ ਲਿਖੇ ਅਨੁਸਾਰ ਕੰਮ ਕਰਵਾਉਣ ਦੀ ਮੰਗ ਕੀਤੀ:

1. ਉਹਨਾਂ ਦੇ ਵਾਰਡ ਵਿੱਚ ਸਿਲਵਰ ਸਿਟੀ ਕਲੋਨੀ ਦਾ ਸੀਵਰੇਜ਼ ਪਿਛਲੇ ਤਕਰੀਬਨ ਇੱਕ ਮਹੀਨੇ ਤੋਂ ਬੰਦ ਪਿਆ ਹੈ, ਉਹ ਖੁਲਵਾਇਆ ਜਾਵੇ।
2. ਸੁਸ਼ਾਂਤ ਸਿਟੀ-॥ ਅਤੇ ਜੱਸੀ ਪੌ ਵਾਲੀ ਏਰੀਏ ਵਿੱਚ AMRUT Scheme ਤਹਿਤ ਪਾਣੀ ਅਤੇ ਸੀਵਰੇਜ਼ ਦੀਆਂ ਪਾਈਪਾਂ ਪਾਈਆਂ ਜਾਣ।
3. ਜੱਸੀ ਪੌ ਵਾਲੀ ਦਾ ਜੋ 30% ਹਿੱਸਾ ਨਗਰ ਨਿਗਮ ਦੀ ਹਦੂਦ ਵਿੱਚ ਪੈਂਦਾ ਹੈ, ਉਸਦਾ ਕਬਜਾ ਲੈ ਕੇ ਪਾਰਕ ਵਿਕਸਿਤ ਕੀਤੇ ਜਾਣ ਅਤੇ ਬਾਊਂਡਰੀ ਵਾਲ ਕੀਤੀ ਜਾਵੇ।
4. ਗਿਆਨੀ ਜੈਲ ਸਿੰਘ ਇੰਜੀਨੀਅਰਿੰਗ ਕਾਲਜ ਪਾਸ ਬਲਿੰਕਿੰਗ ਟ੍ਰੈਫਿਕ ਲਾਈਟ ਚਾਲੂ ਕਰਵਾਈ ਜਾਵੇ ਤਾਂ ਜੋ ਕਾਲਜ ਜਾਣ ਵਾਲੇ ਵਿਦਿਆਰਥੀ ਹਾਦਸਿਆਂ ਦਾ ਸ਼ਿਕਾਰ ਨਾ ਹੋਣ।
5. ਸ਼ਹਿਰ ਦੇ ਬਾਹਰ ਤੋਂ ਆਉਣ ਵਾਲੇ ਪਸ਼ੂਆਂ ਨੂੰ ਰੋਕਣ ਲਈ ਵਾਚਮੈਨ ਰੱਖਣ ਦੀ ਤਜਵੀਜ ਅਮਲ ਵਿਚ ਲਿਆਂਦੀ ਜਾਵੇ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ 31 ਦਸੰਬਰ ਤੱਕ ਬਠਿੰਡਾ ਸ਼ਹਿਰ ਨੂੰ ਬੇਸਹਾਰਾ ਪਸ਼ੂਆਂ ਤੋਂ ਨਿਜ਼ਾਤ ਮਿਲ ਜਾਵੇਗੀ। ਇਸਤੋਂ ਇਲਾਵਾ ਅਗਲੇ 1-2 ਮਹੀਨਿਆਂ ਦੌਰਾਨ ਆਵਾਰਾ ਕੁੱਤਿਆਂ ਦੀ ਨਸਬੰਦੀ ਕਰਕੇ ਸਮੱਸਿਆ ਦਾ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।**

ਸ਼੍ਰੀ ਵਿਵੇਕ ਗਰਗ, ਕੌਂਸਲਰ ਨੇ ਮੰਗ ਕੀਤੀ ਕਿ ਕਾਲੀ ਮਾਤਾ ਮੰਦਰ ਦੇ ਸਾਹਮਣੇ, ਮਾਨਸਾ ਰੋਡ ਪੁੱਲ ਦੇ ਨਾਲ ਸੀਵਰੇਜ਼ ਦੀ ਪਾਈਪ ਲਾਈਨ ਪਾਈ ਜਾਵੇ। ਉਹਨਾਂ ਇਹ ਵੀ ਮੰਗ ਕੀਤੀ ਕਿ ਭਾਗੂ ਰੋਡ ਤੋਂ ਰੋਜ਼ਾਨਾ ਮਾਡਲ ਟਾਊਨ ਫੇਸ-1,2,3 ਅਤੇ ਧੋਬੀਆਣਾ ਰੋਡ, ਬੇਅੰਤ ਸਿੰਘ ਨਗਰ ਅਤੇ ਹੋਰ ਕਈ ਇਲਾਕਿਆਂ ਨੂੰ ਜਾਣ ਵਾਲੇ ਰੋਜ਼ਾਨਾ ਹਜ਼ਾਰਾਂ ਹੀ ਲੋਕ ਲੰਘਦੇ ਹਨ। ਸੜ੍ਹਕ ਭੀੜੀ ਹੋਣ ਕਾਰਨ ਅਤੇ ਕਈ ਲੋਕਾਂ ਵੱਲੋਂ ਅਣਅਧਿਕਾਰਤ ਤੋਰ ਤੇ ਕਾਬਜ ਹੋਣ

ਕਾਰਨ ਆਏ ਦਿਨ ਜਾਮ ਲਗਿਆ ਰਹਿੰਦਾ ਹੈ ਅਤੇ ਕਈ ਵਾਰ ਐਕਸੀਡੈਂਟ ਵੀ ਹੋ ਚੁੱਕੇ ਹਨ। ਸ਼੍ਰੀਮਤੀ ਮਨਜੀਤ ਕੋਰ ਬੁੱਟਰ ਅਤੇ ਸ਼੍ਰੀ ਵਿਵੇਕ ਗਰਗ, ਕੌਂਸਲਰ ਸਾਹਿਬਾਨ ਨੇ ਇਸ ਸਬੰਧੀ ਮੰਗ ਪੱਤਰ ਦਿੰਦੇ ਹੋਏ ਇਸ ਸੜ੍ਹਕ ਨੂੰ ਮਾਸਟਰ ਪਲੈਨ ਅਨੁਸਾਰ 60 ਫੁੱਟ ਚੌੜੀ ਕਰਨ ਦੀ ਮੰਗ ਕੀਤੀ ਤਾਂ ਜੋ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਦਿੱਕਤ ਨਾ ਆਵੇ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਅਧਿਕਾਰੀਆਂ ਦੀ ਇੱਕ ਕਮੇਟੀ ਬਣਾ ਕੇ ਇਸ ਸੜ੍ਹਕ ਨੂੰ ਚੌੜਾ ਕਰਨ ਖਾਤਰ ਚੈਕ ਕਰਵਾ ਲੈਂਦੇ ਹਾਂ ਅਤੇ ਕਮੇਟੀ ਦੀ ਰਿਪੋਰਟ ਆਉਣ ਉਪਰੰਤ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।** ਸ੍ਰ: ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਜੁਝਾਰ ਸਿੰਘ ਨਗਰ ਦੇ ਖੱਬੇ ਪਾਸੇ ਕਾਫੀ ਏਰੀਆ ਖਾਲੀ ਹੋਣ ਕਾਰਨ ਇਸਨੂੰ ਵੀ ਕਮਰਸ਼ੀਅਲ ਘੋਸ਼ਿਤ ਕਰਨ ਲਈ ਵੀ ਕਾਰਵਾਈ ਕੀਤੀ ਜਾਵੇ। ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਦਸਿਆ ਕਿ ਸ਼ਹਿਰ ਦੀਆਂ ਹੋਰ ਵੀ ਅਜਿਹੀਆਂ ਸੜ੍ਹਕਾਂ ਹਨ, ਜਿੰਨ੍ਹਾਂ ਨੂੰ ਮਾਸਟਰ ਪਲੈਨ ਅਨੁਸਾਰ ਤਜਵੀਜ ਬਣਾ ਕੇ ਚੌੜ੍ਹਾ ਕਰਨਾ ਬਣਦਾ ਹੈ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਸ਼ਹਿਰ ਵਿੱਚ ਸੜ੍ਹਕਾਂ ਚੌੜ੍ਹੀਆਂ ਕਰਨ ਖਾਤਰ ਮਾਸਟਰ ਪਲੈਨ ਅਨੁਸਾਰ ਕਾਰਵਾਈ ਕਰਨ ਲਈ ਜਨਰਲ ਸੁਝਾਅ ਲਿਖਤੀ ਰੂਪ ਵਿੱਚ ਦਿੱਤੇ ਜਾਣ ਤਾਂ ਜੋ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ।** ਸ੍ਰ: ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਕਿਹਾ ਕਿ ਨਹਿਰ ਦੇ ਨਾਲ-ਨਾਲ ਗਰੀਨ ਸਿਟੀ ਵੱਲ ਨੂੰ ਆਉਂਦੇ ਹੋਏ ਸੜ੍ਹਕ ਦਾ ਬੁਰਾ ਹਾਲ ਹੈ, ਇਸਨੂੰ ਠੀਕ ਕਰਵਾਇਆ ਜਾਵੇ।

**ਹਾਊਸ ਵਿੱਚ ਮੌਜੂਦ ਕੁੱਝ ਕੌਂਸਲਰ ਸਾਹਿਬਾਨ ਵੱਲੋਂ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੂੰ ਮੈਮੋਰੈਂਡਮ ਦਿੰਦੇ ਹੋਏ ਮੰਗ ਕੀਤੀ ਕਿ ਦਿਨੋ ਦਿਨ ਵੱਧ ਰਹੀ ਮਹਿੰਗਾਈ ਨੂੰ ਦੇਖਦੇ ਹੋਏ ਉਹਨਾਂ ਦਾ ਮਾਨਭੇਟਾ ਵਧਾਉਣ ਲਈ ਪੰਜਾਬ ਸਰਕਾਰ ਪਾਸ ਮਤਾ ਭੇਜਿਆ ਜਾਵੇ।**

ਸ਼੍ਰ: ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਭਾਗੂ ਰੋਡ ਤੇ ਜੋ ਪਬਲਿਕ ਹੈਲਥ ਵਿਭਾਗ ਦਾ ਵਾਟਰ ਵਰਕਸ ਲਗਿਆ ਹੈ, ਉਹ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਬਠਿੰਡਾ ਦੇ ਹਵਾਲੇ ਨਾ ਕੀਤਾ ਜਾਵੇ। ਕਿਉਂ ਜੋ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੀ ਕਾਰਗੁਜ਼ਾਰੀ ਦਾ ਸਾਰਿਆਂ ਨੂੰ ਪਤਾ ਹੀ ਹੈ। ਪੀਣ ਵਾਲਾ ਪਾਣੀ ਤਾਂ ਪਹਿਲਾਂ ਹੀ ਸਾਰਿਆ ਨੂੰ ਪੂਰਾ ਨਹੀਂ ਮਿਲ ਰਿਹਾ। ਇਸ ਲਈ ਭਾਗੂ ਰੋਡ ਤੇ ਪਬਲਿਕ ਹੈਲਥ ਵਿਭਾਗ ਦਾ ਬਣਿਆ ਵਾਟਰ ਵਰਕਸ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਬਠਿੰਡਾ ਦੇ ਹਵਾਲੇ ਨਾ ਕੀਤਾ ਜਾਵੇ।

ਸ਼੍ਰ: ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਅੱਜ ਦੀ ਮੀਟਿੰਗ ਦੇ ਏਜੰਡੇ ਵਿੱਚ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਵਾਰਡਾਂ ਵਿੱਚ ਹੋਣ ਵਾਲੇ ਵਿਕਾਸ ਦੇ ਕੰਮ ਨਾ ਪਾਉਣ ਕਾਰਨ ਸ਼੍ਰੋਮਣੀ ਅਕਾਲੀ ਦਲ ਦੇ ਕੌਂਸਲਰਜ਼ ਵੱਲੋਂ ਅੱਜ ਦੀ ਮੀਟਿੰਗ ਦਾ ਬਾਈਕਾਟ ਕੀਤਾ ਜਾਂਦਾ ਹੈ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਹੁਣ ਤੁਹਾਡੇ ਵੱਲੋਂ ਅੱਧਾ ਘੰਟਾ ਬੋਲਣ ਉਪਰੰਤ ਤੁਸੀ ਅਜੇ ਵੀ ਤੁਸੀ ਕਹਿ ਰਹੇ ਹੋ ਕਿ ਸਾਡੀ ਸੁਣਵਾਈ ਨਹੀਂ ਹੁੰਦੀ ਤਾਂ ਤੁਸੀ ਜਿਵੇਂ ਚਾਹੋ ਓਵੇਂ ਕਰ ਸਕਦੇ ਹੋ। ਜੇਕਰ ਤੁਸੀ ਮੀਟਿੰਗ ਵਿੱਚ ਨਾ ਬੈਠ ਕੇ ਮੀਡਿਆ ਸਾਹਮਣੇ ਹੀ ਆਪਣੇ ਗੱਲ ਕਹਿਣੀ ਹੈ ਤਾਂ ਉਹ ਕਹਿ ਸਕਦੇ ਹੋ।**

ਸ਼੍ਰ: ਬਲਜਿੰਦਰ ਸਿੰਘ, ਕੌਂਸਲਰ ਨੇ ਦਸਿਆ ਕਿ ਹਾਊਸ, ਨਗਰ ਨਿਗਮ ਬਠਿੰਡਾ ਵੱਲੋਂ ਬਠਿੰਡਾ ਸ਼ਹਿਰ ਵਿੱਚ ਸ਼ਾਮਲਾਟ ਜਮੀਨਾਂ ਦੇ ਮਾਲਕਾਨਾਂ ਹੱਕ ਦੇਣ ਸਬੰਧੀ ਪਹਿਲਾਂ ਹੀ ਮਤਾ ਪਾਸ ਕੀਤਾ ਜਾ ਚੁੱਕਾ ਹੈ ਅਤੇ ਰੇਟ ਵੀ ਤੈਓ ਕਰ ਦਿੱਤੇ ਗਏ ਹਨ। ਪਰੰਤੂ ਅਜੇ ਤੱਕ ਇਸ ਸਬੰਧੀ ਕੋਈ ਵੀ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਜਾ ਰਹੀ। ਸ਼੍ਰ: ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਦਸਿਆ ਕਿ ਇਸਦੇ ਨਾਲ-ਨਾਲ ਨਗਰ ਨਿਗਮ ਦੀਆਂ ਦੁਕਾਨਾਂ ਨੂੰ ਵੇਚਣ ਸਬੰਧੀ ਵੀ ਮਤਾ ਪਾਸ ਕੀਤਾ ਜਾ ਚੁੱਕਾ ਹੈ ਅਤੇ ਰੇਟ ਵੀ ਤੈਅ ਕਰ ਦਿੱਤੇ ਗਏ ਹਨ। ਇਸ ਸਬੰਧੀ ਵੀ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਉਹਨਾਂ ਜਲਦ ਤੋਂ ਜਲਦ ਇਸ ਸਬੰਧੀ ਕਾਰਵਾਈ ਪੂਰੀ ਕਰਨ ਦੀ ਮੰਗ ਕੀਤੀ। ਸ੍ਰ: ਬਲਜਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਡੀ.ਏ.ਵੀ ਕਾਲਜ ਦੀ ਬੈਕਸਾਇਡ ਪੌਂਡ ਦਾ ਕੰਮ ਅਧੂਰਾ ਹੋਣ ਕਾਰਨ ਇਹ ਜਗ੍ਹਾ ਨਸ਼ੇੜੀਆਂ ਦਾ ਅੱਡਾ ਬਣੀ ਹੋਈ ਹੈ। ਇਸ ਪੌਂਡ ਦੀਆਂ ਗਰਿਲਾਂ ਵੀ ਟੁੱਟੀਆਂ ਹੋਈਆਂ ਹਨ। ਉਹਨਾਂ ਜਲਦ ਤੋਂ ਜਲਦ ਇਸ ਪੌਂਡ ਦਾ ਅਧੂਰਾ ਪਿਆ ਕੰਮ ਪੂਰਾ ਕਰਨ ਦੀ ਮੰਗ ਕੀਤੀ।

ਸ਼੍ਰੀ ਮਲਕੀਤ ਸਿੰਘ, ਕੌਂਸਲਰ ਨੇ ਕਿਹਾ ਕਿ ਮੇਰੇ ਵਾਰਡ ਦੇ ਵਸਨੀਕ ਅਕਸਰ ਹੀ ਮੇਰੇ ਕੋਲ ਆਉਂਦੇ ਹਨ ਅਤੇ ਆਪਣੀਆਂ ਸਮੱਸਿਆਂਵਾਂ ਦਸਦੇ ਰਹਿੰਦੇ ਹਨ। ਉਹਨਾਂ ਕਿਹਾ ਕਿ ਤੁਸੀ ਮੇਰੇ ਵਾਰਡ ਵਿੱਚ ਆ ਕੇ ਦੇਖੋ, ਉਸ ਵਿੱਚ ਵਿਕਾਸ ਦੇ ਕੰਮਾਂ ਸਬੰਧੀ ਕੋਈ ਸਹੂਲਤ ਨਹੀਂ ਦਿੱਤੀ ਗਈ। ਪੀਣ ਵਾਲੇ ਪਾਣੀ ਦੀ ਪਾਈਪ ਲਾਈਨ ਵੀ ਨਹੀਂ ਪਾਈ ਜਾ ਰਹੀ, ਜਦਕਿ ਦੂਸਰੇ ਪਾਸੇ ਨਵੀਂ ਬਣਨ ਜਾ ਰਹੀ AMOHA GARDEN ਕਲੋਨੀ ਨੂੰ ਪੀਣ ਵਾਲਾ ਪਾਣੀ ਦੇਣ ਖਾਤਰ ਰਾਤੋਂ-ਰਾਤ ਪਾਈਪ ਪਾ ਦਿੱਤੀ ਗਈ। ਇੱਕ ਪਾਸੇ ਤਕਰੀਬਨ 25000 ਦੀ ਆਬਾਦੀ ਨੂੰ ਪੀਣ ਵਾਲਾ ਪਾਣੀ ਮੁੱਹਈਆ ਨਹੀਂ ਕਰਵਾਇਆ ਜਾ ਰਿਹਾ, ਜਦਕਿ ਦੂਸਰੇ ਪਾਸੇ ਇਸ ਨਵੀਂ ਬਣਨ ਜਾ ਰਹੀ ਕਲੋਨੀ, ਜਿਸ ਵਿਚ ਅਜੇ ਤੱਕ ਕੋਈ ਰਿਹਾਇਸ਼ ਵੀ ਨਹੀਂ ਹੋਈ, ਉਸਨੂੰ ਪੀਣ ਵਾਲੇ ਪਾਣੀ ਦੀ ਪਾਈਪ ਲਾਈਨ ਪਾ ਦਿੱਤੀ ਗਈ। ਸ਼੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਦਸਿਆ ਕਿ ਇਹਨਾਂ ਕਲੋਨੀ ਦੇ ਮਾਲਕਾਂ ਵੱਲੋਂ ਬੂਟਿਆਂ ਨੂੰ ਪਾਣੀ ਦਿੱਤਾ ਜਾ ਰਿਹਾ ਹੈ। ਉਹਨਾਂ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਜਦੋਂ ਇਸ ਕਲੋਨੀ ਵਿੱਚ ਆਬਾਦੀ ਹੋ ਜਾਂਦੀ ਤੱਦ ਹੀ ਪੀਣ ਵਾਲਾ ਪਾਣੀ ਮੁੱਹਈਆ ਕੀਤਾ ਜਾਣਾ ਬਣਦਾ ਸੀ। ਸ੍ਰ: ਮਲਕੀਤ ਸਿੰਘ, ਕੌਂਸਲਰ ਨੇ ਕਿਹਾ ਕਿ ਅਸੀ ਮੁੱਹਲਿਆਂ ਵਿੱਚੋਂ ਛੋਟੇ-ਛੋਟੇ ਕੰਮ ਲੱਭ ਕੇ ਲਿਆਉਂਦੇ ਹਾਂ। ਅਸੀ ਠੇਕੇਦਾਰਾਂ ਪਾਸੋਂ ਕੋਈ ਕਮੀਸ਼ਨ ਨਹੀਂ ਲੈਂਦੇ। ਉਹਨਾਂ ਪੁੱਛਿਆ ਕਿ ਜਦੋਂ ਉਹਨਾਂ ਦੇ ਵਾਰਡ ਵਿੱਚ ਵਿਕਾਸ ਦੇ ਕੰਮ ਕਰਾਉਣ ਖਾਤਰ ਮਾਨਯੋਗ ਐਮ.ਐਲ.ਏ. ਸਾਹਿਬ ਵੱਲੋਂ ਨੀਂਹ ਪੱਥਰ ਰੱਖਿਆ ਗਿਆ ਸੀ ਤਾਂ ਉਸ ਨੀਂਹ ਪੱਥਰ ਤੇ ਉਸ ਵਾਰਡ ਦੇ ਚੁਣੇ ਹੋਏ ਕੌਂਸਲਰ ਦਾ ਨਾਮ ਕਿਉਂ ਨਹੀਂ ਲਿਖਿਆ ਗਿਆ? ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਉਸ ਨੀਂਹ ਪੱਥਰ ਤੇ ਨਾਂ ਤਾਂ ਉਸ ਵਾਰਡ ਦੇ ਚੁਣੇ ਹੋਏ ਕੌਂਸਲਰ ਦਾ ਨਾਮ ਲਿਖਿਆ ਗਿਆ ਹੈ ਅਤੇ ਨਾ ਹੀ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦਾ ਨਾਮ ਲਿਖਿਆ ਗਿਆ ਹੈ। ਸ੍ਰ: ਮਲਕੀਤ ਸਿੰਘ, ਕੌਂਸਲਰ ਨੇ ਕਿਹਾ ਕਿ ਜੇਕਰ ਦੋ ਮਹੀਨਿਆਂ ਅੰਦਰ ਉਸ ਨੀਂਹ ਪੱਥਰ ਤੇ ਉਹਨਾਂ ਦਾ ਨਾਮ ਨਾ

ਲਿਖਿਆ ਗਿਆ ਤਾਂ ਉਹ ਆਪਣੇ ਟ੍ਰੈਕਟਰ ਨਾਲ ਉਸ ਨੀਂਹ ਪੱਥਰ ਨੂੰ ਪੁੱਟ ਦੇਣਗੇ। ਫਿਰ ਚਾਹੇ ਉਹਨਾਂ ਤੇ ਪਰਚਾ ਹੀ ਕਿਉਂ ਨਾ ਦਰਜ਼ ਹੋ ਜਾਵੇ।

ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਦਸਿਆ ਕਿ ਹਾਊਸ ਦੀਆਂ ਪਿਛਲੀਆਂ ਤਿੰਨ ਮੀਟਿੰਗਾਂ ਦੌਰਾਨ ਵਾਰ-ਵਾਰ ਉਹਨਾਂ ਵੱਲੋਂ ਨਗਰ ਨਿਗਮ ਦੀ ਮੰਡੀ ਖੁਰਦ ਵਿਖੇ 32 ਏਕੜ੍ਹ ਜਮੀਨ ਦਾ ਕਬਜਾ ਲੈਣ ਦਾ ਮੁੱਦਾ ਉਠਾਇਆ ਜਾ ਰਿਹਾ ਹੈ। ਇਸ ਸਬੰਧੀ ਨਾਂ ਤਾਂ ਕਬਜਾ ਲਿਆ ਜਾ ਰਿਹਾ ਹੈ ਅਤੇ ਨਾ ਹੀ ਉਸ ਜਮੀਨ ਤੇ ਅਣਅਧਿਕਾਰਤ ਤੌਰ ਤੇ ਖੇਤੀਬਾੜੀ ਕਰ ਰਹੇ ਵਿਅਕਤੀਆਂ ਖਿਲਾਫ ਕੋਈ ਕਾਰਵਾਈ ਕੀਤੀ ਜਾ ਰਹੀ ਹੈ। ਇਸ ਨਾਲ ਨਗਰ ਨਿਗਮ ਨੂੰ ਹਰ ਸਾਲ ਕਰੋੜ੍ਹਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਇਸ ਹੋ ਰਹੇ ਨੁਕਸਾਨ ਸਬੰਧੀ ਕਿਸਦੀ ਜਿੰਮੇਵਾਰੀ ਬਣਦੀ ਹੈ ਅਤੇ ਇਹ ਕਿਸ ਅਧਿਕਾਰੀ ਦੀ ਗਲਤੀ ਨਾਲ ਅਜਿਹਾ ਹੋ ਰਿਹਾ ਹੈ? ਇਸ ਬਾਰੇ ਕੋਈ ਵੀ ਜਾਣਕਾਰੀ ਨਹੀਂ ਦਿੱਤੀ ਜਾ ਰਹੀ। ਉਹਨਾਂ ਇਹ ਵੀ ਕਿਹਾ ਕਿ ਬਠਿੰਡਾ ਸ਼ਹਿਰ ਵਿੱਚ ਰੋਜ਼ਾਨਾ ਟ੍ਰੈਕਟਰ ਟਰਾਲੀਆਂ ਆਦਿ ਲਿਆ ਕੇ ਸਬਜੀਆਂ ਵੇਚੀਆਂ ਜਾਂਦੀਆਂ ਹਨ। ਇਹ ਟ੍ਰੈਕਟਰ ਟਰਾਲੀਆਂ ਚਲਾਉਣ ਵਾਲੇ ਆਪਣੀ ਮਰਜੀ ਨਾਲ ਕਿਤੇ ਵੀ ਟਰਾਲੀ ਖੜੀ ਕਰ ਲੈਂਦੇ ਹਨ। ਇਸ ਨਾਲ ਟ੍ਰੈਫਿਕ ਵਿੱਚ ਬਹੁਤ ਦਿੱਕਤਾਂ ਪੇਸ਼ ਆਉਂਦੀਆਂ ਹਨ। ਉਹਨਾਂ ਟ੍ਰੈਫਿਕ ਪੁਲਿਸ ਲਗਾ ਕੇ ਇਹਨਾਂ ਦੇ ਖਿਲਾਫ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ। ਉਹਨਾਂ ਇਹ ਵੀ ਕਿ ਬਠਿੰਡਾ ਸ਼ਹਿਰ ਵਿੱਚ ਸਬਜੀ ਅਤੇ ਫਰੂਟ ਵੇਚਣ ਵਾਲਿਆਂ ਵੱਲੋਂ ਮਹਿੰਗੇ ਭਾਅ ਤੇ ਸਬਜੀਆਂ ਵੇਚੀਆਂ ਜਾ ਰਹੀਆਂ ਹਨ। ਇਸ ਨਾਲ ਆਮ ਵਿਅਕਤੀ ਦਾ ਜਨਜੀਵਨ ਪ੍ਰਭਾਵਿਤ ਹੋ ਰਿਹਾ ਹੈ। ਉਹਨਾਂ ਇਹਨਾਂ ਮਹਿੰਗੇ ਭਾਅ ਤੇ ਸਬਜੀਆਂ ਫਰੂਟ ਵੇਚਣ ਵਾਲਿਆਂ ਖਿਲਾਫ ਕਾਰਵਾਈ ਕਰਨ ਅਤੇ ਸਬਜੀਆਂ ਫਰੂਟ ਦੇ ਰੇਟ ਡੀ.ਐਫ.ਓ. ਪਾਸੋਂ ਤੈਅ ਕਰਵਾਉਣ ਦੀ ਮੰਗ ਕੀਤੀ। ਉਹਨਾਂ ਦਸਿਆ ਕਿ ਪਰਸ ਰਾਮ ਨਗਰ, ਪ੍ਰਤਾਪ ਨਗਰ ਦਾ ਸਾਰਾ ਏਰੀਆ ਵਿਕਸਿਤ ਹੋ ਚੁੱਕਾ ਹੈ। ਇਸ ਵਿੱਚ ਨਗਰ ਨਿਗਮ ਵੱਲੋਂ ਪਾਣੀ,ਸੀਵਰੇਜ਼, ਸਟਰੀਟ ਲਾਈਟ ਅਤੇ ਸੜ੍ਹਕਾਂ ਆਦਿ ਦੀਆਂ ਸਾਰੀਆਂ ਸੁਵਿਧਾਵਾਂ ਮੁੱਹਈਆ ਕਰਵਾਈਆਂ ਜਾ ਚੁੱਕੀਆਂ ਹਨ। ਪਰੰਤੂ ਅਜੇ ਤੱਕ ਨਗਰ ਨਿਗਮ ਦੇ ਰਿਕਾਰਡ ਵਿੱਚ ਇਸਨੂੰ ਅਣਡਿਵੈਲਪ ਏਰੀਆ ਘੋਸ਼ਿਤ ਕੀਤਾ ਹੋਇਆ ਹੈ। ਇਸਤੇ ਮਿਉਂਸਪਲ ਟਾਊਨ ਪਲੈਨਰ ਨੇ ਸੁਝਾਅ ਦਿੱਤਾ ਕਿ ਤੁਸੀ ਇਹਨਾਂ ਇਲਾਕਿਆਂ ਦੀਆਂ ਗਲੀਆਂ ਨੂੰ ਪਬਲਿਕ ਸਟਰੀਟ ਘੋਸ਼ਿਤ ਕਰਵਾ ਲਓ। **ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਇਸ ਸਬੰਧੀ ਹਦਾਇਤ ਕੀਤੀ ਕਿ ਪਹਿਲਾਂ ਕਾਨੂੰਨੀ ਤੌਰ ਤੇ ਇਸਨੂੰ ਘੋਖ ਲਿਆ ਜਾਵੇ। ਇਸ ਉਪਰੰਤ ਹੀ ਨਗਰ ਨਿਗਮ ਵੱਲੋਂ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।**

ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਹਾਊਸ ਦੀ ਪਿਛਲੀ ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ ਸੀ ਕਿ ਕੌਂਸਲਰ ਸਾਹਿਬਾਨ ਵੱਲੋਂ ਹਾਊਸ ਦੀ ਮੀਟਿੰਗ ਵਿੱਚ ਉਠਾਏ ਗਏ ਮੁੱਦਿਆਂ ਸਬੰਧੀ ਉਹਨਾਂ ਨਾਲ ਸਕੱਤਰ, ਨਗਰ ਨਿਗਮ ਬਠਿੰਡਾ ਨੂੰ ਨੋਡਲ ਅਫਸਰ ਲਗਾਉਂਦੇ ਹੋਏ ਕੌਂਸਲਰ ਸਾਹਿਬਾਨ ਨਾਲ ਵੱਖਰੇ-ਵੱਖਰੇ ਤੌਰ ਤੇ ਮੀਟਿੰਗਾਂ ਕਰਕੇ ਉਹਨਾਂ ਦੇ ਮਸਲੇ ਹੱਲ ਕੀਤੇ ਜਾਣ ਅਤੇ ਜੇਕਰ ਕੋਈ ਕਾਰਵਾਈ ਹਾਊਸ ਵੱਲੋਂ ਕਰਨੀ ਬਣਦੀ ਹੈ ਤਾਂ ਉਸ ਸਬੰਧੀ ਰਿਪੋਰਟ ਹਾਊਸ ਵਿੱਚ ਪੇਸ਼ ਕੀਤੀ ਜਾਵੇ। ਪਰੰਤੂ ਸਕੱਤਰ, ਨਗਰ ਨਿਗਮ ਬਠਿੰਡਾ ਵੱਲੋਂ ਇਸ ਸਬੰਧੀ ਕੋਈ ਵੀ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ। **ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਹਦਾਇਤ ਕੀਤੀ ਕਿ ਕੱਲ ਤੋਂ ਇਸ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।**

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।

**ਏਜੰਡਾ ਨੰਬਰ 1 :**

ਜਨਰਲ ਹਾਊਸ ਦੀ ਮੀਟਿੰਗ ਮਿਤੀ 07.07.2023ਦੀ ਕਾਰਵਾਈ ਦੀ ਪਕਿਆਈ।

ਜਨਰਲ ਹਾਊਸ ਦੀ ਮੀਟਿੰਗ ਮਿਤੀ 07.07.2023 ਦੀ ਕਾਰਵਾਈ ਦੀ ਪਕਿਆਈ ਕਰਨ ਸਮੇਂ ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਉਹਨਾਂ ਵੱਲੋਂ ਹਾਊਸ ਦੀ ਪਿਛਲੀ ਮੀਟਿੰਗ ਵਿੱਚ ਮਾਨਯੋਗ ਮੇਅਰ, ਨਗਰ ਨਿਗਮ ਬਠਿੰਡਾ ਜੀ ਪਾਸੋਂ ਸਬ-ਕਮੇਟੀਆਂ ਬਨਾਉਣ ਸਬੰਧੀ ਪਾਵਰਾਂ ਵਾਪਸ ਲੈ ਕੇ ਹਾਊਸ ਵੱਲੋਂ ਸਬ-ਕਮੇਟੀਆਂ ਬਨਾਉਣ ਸਬੰਧੀ ਕਿਹਾ ਗਿਆ ਸੀ ਅਤੇ ਪੁਰਾਣੀਆਂ ਬਣੀਆਂ ਸਾਰੀਆਂ ਸਬ-ਕਮੇਟੀਆਂ ਭੰਗ ਕਰਨ ਬਾਰੇ ਕਿਹਾ ਗਿਆ ਸੀ। ਜਦਕਿ ਮਤੇ ਵਿੱਚ ਹਾਊਸ ਵੱਲੋਂ ਨਵੀਆਂ ਸਬ-ਕਮੇਟੀਆਂ ਹਾਊਸ ਵਿੱਚ ਬਨਾਉਣਾ ਪ੍ਰਵਾਨ ਕੀਤਾ ਗਿਆ ਹੈ। ਇਸਦੀ ਤਾਇਦ ਸ਼੍ਰੀ ਬਲਜਿੰਦਰ ਸਿੰਘ ਕੌਂਸਲਰ ਨੇ ਕੀਤੀ। ਇਸਦੇ ਵਿਰੋਧ ਵਿੱਚ ਬੋਲਦੇ ਹੋਏ ਸ਼੍ਰੀ ਬਲਜੀਤ ਸਿੰਘ ਸਰਾਂ, ਸ਼੍ਰੀ ਰਤਨ ਰਾਹੀ, ਸ਼੍ਰੀ ਇੰਦਰਜੀਤ ਸਿੰਘ ਅਤੇ ਹੋਰ ਕਈ ਕੌਂਸਲਰ ਸਾਹਿਬਾਨ ਨੇ ਕਿਹਾ ਕਿ ਇਹ ਕੌਂਸਲਰ ਸਾਹਿਬਾਨ ਗਲਤ ਦੱਸ ਰਹੇ ਹਨ। ਪਿਛਲੀ ਮੀਟਿੰਗ ਦੌਰਾਨ ਜੋ ਵੀ ਏਜੰਡਾ ਲਿਆਂਦਾ ਗਿਆ ਸੀ, ਉਸ ਅਨੁਸਾਰ ਹੀ ਹਾਊਸ ਵਿੱਚ ਸਰਵ-ਸੰਮਤੀ ਨਾਲ ਫੈਸਲਾ ਲਿਆ ਗਿਆ ਸੀ। ਸ਼੍ਰੀ ਜਸਵੀਰ ਸਿੰਘ ਕੌਂਸਲਰ ਵੱਲੋਂ ਹਰ ਮੀਟਿੰਗ ਵਿੱਚ ਇਸ ਸਬੰਧੀ ਵਾਰ-ਵਾਰ ਗਲਤ ਕਿਹਾ ਜਾਂਦਾ ਹੈ। ਨਵੀਆਂ ਸਬ-ਕਮੇਟੀਆਂ ਹਾਊਸ ਵੱਲੋਂ ਬਨਾਉਣ ਸਬੰਧੀ ਹੀ ਪਾਸ ਕੀਤਾ ਗਿਆ ਸੀ ਅਤੇ ਉਸੇ ਅਨੁਸਾਰ ਕਾਰਵਾਈ ਵੀ ਕੀਤੀ ਜਾ ਰਹੀ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਦਰਖਾਸਤ ਦੇ ਕੇ ਅਗਲੀ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਕਰਵਾ ਲਵੇ। ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਸਬ-ਕਮੇਟੀਆਂ ਭੰਗ ਕਰਨ ਸਬੰਧੀ ਜੋ ਮਤਾ ਪਾਇਆ ਗਿਆ ਸੀ, ਉਸ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਨਵੀਆਂ ਸਬ-ਕਮੇਟੀਆਂ ਬਣਾ ਲਉ। ਪੁਰਾਣੀਆਂ ਆਪਣੇ ਆਪ ਭੰਗ ਹੋ ਜਾਣਗੀਆਂ। **ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਜਦੋਂ ਪਿਛਲੀ ਮੀਟਿੰਗ ਦੀ ਪਕਿਆਈ ਹੀ ਹੋ ਚੁੱਕੀ ਹੈ, ਤਾਂ ਇਸ ਬਾਰੇ ਦੁਬਾਰਾ ਕੁੱਝ ਵੀ ਨਹੀਂ ਕੀਤਾ ਜਾ ਸਕਦਾ। ਜੇਕਰ ਕਿਸੇ ਦਾ ਵਿਰੋਧ ਹੈ ਤਾਂ ਵਿਰੋਧ ਦਰਜ਼ ਕਰਵਾਉਂਦੇ ਹੋਏ ਮੀਟਿੰਗ ਦੀ ਕਾਰਵਾਈ ਕੀਤੀ ਜਾਵੇ। ਇਸਤੇ ਇੱਕਲੇ ਹੀ ਸ਼੍ਰੀ ਜਸਵੀਰ ਸਿੰਘ, ਕੌਂਸਲਰ ਵੱਲੋਂ ਹਾਊਸ ਵੱਲੋਂ ਪੁਰਾਣੀਆਂ ਸਬ-ਕਮੇਟੀਆਂ ਭੰਗ ਨਾ ਕਰਨ ਵਾਸਤੇ ਆਪਣਾ ਵਿਰੋਧ ਦਰਸਾਇਆ ਗਿਆ।**

| ਮਤਾ ਨੰਬਰ239: | ਮੀਟਿੰਗ ਮਿਤੀ 07.07.2023 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ। |
|---|---|

**ਏਜੰਡਾ ਨੰ: 2:**

ਰਿਪੋਰਟ ਵਰਕਸ ਸ਼ਾਖਾ ਕਿ ਸ਼ਹਿਰ ਵਿਚ ਆਵਾਰਾ ਪਸ਼ੂਆ ਦੀ ਸਮੱਸਿਆ ਨੂੰ ਨਜਿੱਠਣ ਲਈ ਮਾਨਯੋਗ ਪ੍ਰਮੁੱਖ ਸਕੱਤਰ, ਪਸ਼ੂ ਪਾਲਣ ਜੀ ਦੀ ਪ੍ਰਧਾਨਗੀ ਹੇਠ ਵੱਖ-ਵੱਖ ਮੀਟਿੰਗਾਂ ਰਾਹੀਂ ਨਗਰ ਨਿਗਮ ਬਠਿੰਡਾ ਨੂੰ ਹੁਕਮ ਦਿੱਤੇ ਗਏ ਕਿ ਪਿੰਡ ਝੁੰਬਾ ਦੀ ਪੰਚਾਇਤ ਵੱਲੋਂ ਗਊਸ਼ਾਲਾ ਖਾਤਰ ਦਿੱਤੀ ਗਈ 7.5 ਏਕੜ ਜਗ੍ਹਾ ਵਿੱਚ ਨਗਰ ਨਿਗਮ ਵੱਲੋਂ ਗਊਸ਼ਾਲਾ ਬਣਾਈ ਜਾਵੇ। ਇਸ ਸਬੰਧੀ 1000 ਪਸ਼ੂਆਂ ਦੀ ਸਮਰੱਥਾ ਦੀ ਗਊਸ਼ਾਲਾ ਪਿੰਡ ਝੁੰਬਾ ਵਿਖੇ ਬਨਾਉਣ ਖਾਤਰ ਤਖਮੀਨਾ ਮੁਬਲਿਗ 669.00 ਲੱਖ ਰੁਪਏ ਦਾ ਤਿਆਰ ਕੀਤਾ ਗਿਆ ਹੈ। ਕਿਉਂ ਜੋ ਸਰਕਾਰ ਵੱਲੋਂ ਉਕਤ ਕੰਮ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਲਈ ਕਿਹਾ ਜਾ ਰਿਹਾ ਹੈ। ਇਸ ਲਈ ਯੋਗ ਹੋਵੇਗਾ ਕਿ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਵਿੱਚ ਉਕਤ ਤਖਮੀਨਾ ਤਕਨੀਕੀ ਅਤੇ ਪ੍ਰਸ਼ਾਸਕੀ ਤੋਰ ਤੇ ਪ੍ਰਵਾਨ ਕੀਤਾ ਜਾਵੇ ਜੀ।ਇਸ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "May be approved in anticipation. WO shall be issued after approval of House/F&CC". ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "For approval in anticipation of the House, the project cost would be covered from grant being sought from the Govt". **ਕੰਮ ਦੀ ਮਹਤੱਤਾ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਮੇਅਰ, ਨਗਰ ਨਿਗਮ, ਬਠਿੰਡਾ ਜੀ ਵੱਲੋਂ ਮਿਤੀ 18.08.2023 ਨੂੰ ਇਸਦੀ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮੰਨਜ਼ੂਰੀ ਦਿੱਤੀ ਗਈ।**

ਉਕਤ ਅਨੁਸਾਰ ਤਖਮੀਨਾ ਮੁਬਲਿਗ 669.00 ਲੱਖ ਰੁਪਏ ਤਕਨੀਕੀ ਅਤੇ ਪ੍ਰਸ਼ਾਸਕੀ ਪ੍ਰਵਾਨਗੀ ਲਈ ਹਾਊਸ ਦੇ ਵਿਚਾਰ ਹਿੱਤ।

**ਹਾਊਸ ਵਿੱਚ ਮੌਜੂਦ ਕੌਂਸਲਰ ਸਾਹਿਬਾਨ ਨੇ ਅਜਿਹਾ ਏਜੰਡਾ ਲਿਆਉਣ ਅਤੇ ਸ਼ਹਿਰ ਨੂੰ ਬੇਸਹਾਰਾ ਪਸ਼ੂਆਂ ਤੋਂ ਨਿਜ਼ਾਨ ਦਿਵਾਉਣ ਸਬੰਧੀ ਧੰਨਵਾਦ ਕੀਤਾ।**

| ਮਤਾ ਨੰਬਰ240: | ਪ੍ਰਵਾਨ ਹੈ। |
|---|---|

**ਏਜੰਡਾ ਨੰ: 3:**

ਰਿਪੋਰਟ ਵਰਕਸ ਸ਼ਾਖਾ ਕਿ ਸ਼ਹਿਰ ਵਿਚ ਆਵਾਰਾ ਪਸ਼ੂਆ ਦੀ ਸਮੱਸਿਆ ਨੂੰ ਨਜਿੱਠਣ ਲਈ ਮਾਨਯੋਗ ਪ੍ਰਮੁੱਖ ਸਕੱਤਰ, ਪਸ਼ੂ ਪਾਲਣ ਜੀ ਦੀ ਪ੍ਰਧਾਨਗੀ ਹੇਠ ਵੱਖ-ਵੱਖ ਮੀਟਿੰਗਾਂ ਰਾਹੀਂ ਨਗਰ ਨਿਗਮ ਬਠਿੰਡਾ ਨੂੰ ਹੁਕਮ ਦਿੱਤੇ ਗਏ ਕਿ ਪਿੰਡ ਹਰਰਾਏਪੁਰ ਵਿਖੇ ਪੁਰਾਣੀ ਬਣੀ ਸਰਕਾਰੀ ਗਊਸ਼ਾਲਾ ਦੇ ਨਾਲ ਸਥਿਤ ਹੋਰ 2.5 ਏਕੜ੍ਹ ਜਗ੍ਹਾ ਵਿੱਚ ਨਗਰ ਨਿਗਮ ਵੱਲੋਂ ਗਊਸ਼ਾਲਾ ਬਣਾਈ ਜਾਵੇ। ਇਸ ਸਬੰਧੀ 500 ਪਸ਼ੂਆਂ ਦੀ ਸਮਰੱਥਾ ਦੀ ਗਊਸ਼ਾਲਾ ਪਿੰਡ ਹਰਰਾਏਪੁਰ ਵਿਖੇ ਬਨਾਉਣ ਖਾਤਰ ਤਖਮੀਨਾ ਮੁਬਲਿਗ 372.50 ਲੱਖ ਰੁਪਏ ਦਾ ਤਿਆਰ ਕੀਤਾ ਗਿਆ ਹੈ। ਕਿਉਂ ਜੋ ਸਰਕਾਰ ਵੱਲੋਂ ਉਕਤ ਕੰਮ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਲਈ ਕਿਹਾ ਜਾ ਰਿਹਾ ਹੈ। ਇਸ ਲਈ ਯੋਗ ਹੋਵੇਗਾ ਕਿ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਵਿੱਚ ਉਕਤ ਤਖਮੀਨਾ ਤਕਨੀਕੀ ਅਤੇ ਪ੍ਰਸ਼ਾਸਕੀ ਤੋਰ ਤੇ ਪ੍ਰਵਾਨ ਕੀਤਾ ਜਾਵੇ ਜੀ। ਇਸ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "May be approved in anticipation. WO shall be issued after approval of House/F&CC". ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "For approval in anticipation of the House, the project cost would be covered through grant which is being sought from the Govt". **ਕੰਮ ਦੀ ਮਹਤੱਤਾ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਮੇਅਰ, ਨਗਰ ਨਿਗਮ, ਬਠਿੰਡਾ ਜੀ ਵੱਲੋਂ ਮਿਤੀ 18.08.2023 ਨੂੰ ਇਸਦੀ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮੰਨਜ਼ੂਰੀ ਦਿੱਤੀ ਗਈ।**

ਉਕਤ ਅਨੁਸਾਰ ਤਖਮੀਨਾ ਮੁਬਲਿਗ 372.50 ਲੱਖ ਰੁਪਏ ਤਕਨੀਕੀ ਅਤੇ ਪ੍ਰਸ਼ਾਸਕੀ ਪ੍ਰਵਾਨਗੀ ਲਈ ਹਾਊਸ ਦੀ ਜਾਣਕਾਰੀ ਅਤੇ ਵਿਚਾਰ ਹਿੱਤ।

| ਮਤਾ ਨੰਬਰ241 : | ਪ੍ਰਵਾਨ ਹੈ। |
|---|---|

**ਏਜੰਡਾ ਨੰਬਰ 4:**

ਰਿਪੋਰਟ ਤਹਿਬਾਜਾਰੀ ਸ਼ਾਖਾ ਕਿ **Leasing out of parking spaces of Mall Road and MLCP** ਅਧੀਨ ਕੰਮ ਇਸ ਦਫਤਰ ਦੇ ਵਰਕ ਆਰਡਰ ਨੰ. 17/2023 ਮਿਤੀ 21.06.2023 ਰਾਹੀਂ ਗੁਰਮੇਲ ਸਿੰਘ ਵਿਰਕ ਠੇਕੇਦਾਰ ਨੂੰ ਅਲਾਟ ਕੀਤਾ ਗਿਆ ਹੈ। ਇਸ ਕੰਮ ਤਹਿਤ ਠੇਕੇਦਾਰ ਵੱਲੋਂ ਮਲਟੀ ਲੈਵਲ ਕਾਰ ਪਾਰਕਿੰਗ ਅਤੇ ਮਾਲ ਰੋਡ ਤੇ ਬਣਾਏ ਡੈਡੀਕੇਟਡ ਪਾਰਕਿੰਗ ਸਪੇਸਜ਼ ਵਿਖੇ ਵਾਹਨਾ ਦੀ ਪਾਰਕਿੰਗ ਕਰਵਾਈ ਜਾ ਰਹੀ ਹੈ। ਇਸ ਦੇ ਨਾਲ ਹੀ ਠੇਕੇਦਾਰ ਵੱਲੋਂ ਟੈਂਡਰ ਦੀਆਂ ਸ਼ਰਤਾਂ ਮੁਤਾਬਿਕ ਗਲਤ ਪਾਰਕ ਕੀਤੇ ਗਏ ਵਾਹਨ ਟੋਅ ਵੀ ਕੀਤੇ ਜਾ ਰਹੇ ਹਨ। ਨਿਗਮ ਵੱਲੋਂ ਬਣਾਈ ਗਈ ਤਜ਼ਵੀਜ ਮੁਤਾਬਿਕ ਮਾਲ ਰੋਡ ਵਿਖੇ 150 ਕਾਰ ਪਾਰਕਿੰਗ ਸਪੇਸਜ਼ ਹਨ । ਜਿਨ੍ਹਾਂ ਵਿੱਚ ਪੇਡ

ਪਾਰਕਿੰਗ ਦੀ ਵਿਵਸਥਾ ਕੀਤੀ ਗਈ ਹੈ ਅਤੇ ਮਾਲ ਰੋਡ ਉਪਰ ਬਾਕਿ ਬਚਦੀ ਥਾਂਵਾ ਅਤੇ ਬਾਜਾਰਾ ਵਿੱਚ ਦੋ ਪਹਿਆ ਵਾਹਨਾਂ ਖਾਤਿਰ ਫ੍ਰੀ ਪਾਰਕਿੰਗ ਦੀ ਤਜ਼ਵੀਜ਼ ਸੀ। ਜੇਕਰ ਕਿਸੇ ਚਾਰ ਪਹਿਆ ਵਾਹਨ ਚਾਲਕ ਵੱਲੋਂ ਉਕਤ ਦੋ ਪਹਿਆ ਵਾਹਨਾਂ ਖਾਤਿਰ ਬਣਾਈ ਗਈ ਪਾਰਕਿੰਗ ਸਪੇਸਜ਼ ਵਿੱਚ ਆਪਣੇ ਚਾਰ ਪਹਿਆ ਵਾਹਨਾਂ ਦੀ ਪਾਰਕਿੰਗ ਕੀਤੀ ਜਾਂਦੀ ਸੀ ਤਾਂ ਟੈਂਡਰ ਦੀ ਸ਼ਰਤਾ ਮੁਤਾਬਿਕ ਹੀ ਠੇਕੇਦਾਰ ਵੱਲੋਂ ਉਕਤ ਚਾਰ ਪਹਿਆ ਵਾਹਨ ਟੋਅ ਕਰ ਲਿਆ ਜਾਂਦਾ ਸੀ। ਇਸ ਸਬੰਧ ਵਿੱਚ ਬਠਿੰਡਾ ਵਪਾਰ ਮੰਡਲ ਵੱਲੋਂ ਆਪਣੇ ਦਰਖਾਸਤ ਮਿਤੀ 14.07.2023 ਰਾਹੀਂ ਇਹ ਮੰਗ ਕੀਤੀ ਗਈ ਕਿ ਮਾਲ ਰੋਡ ਵਿਖੇ ਬਣਾਏ ਗਏ ਡੈਡੀਕੇਟਡ ਪਾਰਕਿੰਗ ਸਪੇਸਜ਼ ਨੂੰ ਖਤਮ ਕੀਤਾ ਜਾਵੇ ਅਤੇ ਪੀਲੀ ਲਾਈਨ ਦੇ ਅੰਦਰ ਲਗਦੇ ਹਰੇਕ ਵਾਹਨ ਲਈ ਮੁਫਤ ਪਾਰਕਿੰਗ ਕੀਤੀ ਜਾਵੇਅਤੇ ਟੋਅ ਅਵੈ ਜੋਨ ਵੀ ਮੁੜ ਤੋਂ ਨਰਧਾਰਿਤ ਕੀਤਾ ਜਾਵੇ। ਇਸ ਸਬੰਧੀ ਹੇਠ ਲਿਖਿਆਂ ਤਜ਼ਵੀਜ਼ਾ ਐਫ.ਐਂਡ.ਸੀ.ਸੀ ਦੇ ਵਿਚਾਰ ਹਿੱਤ ਭੇਜਿਆਂ ਗਈਆਂ ਸਨ:-

**ਤਜ਼ਵੀਜ਼ ਨੰ. 1 :-** ਜੇਕਰ ਨਿਗਮ ਵੱਲੋਂ ਉਕਤ ਮੰਗਾ ਨੂੰ ਮੰਨ ਲਿਆ ਜਾਂਦਾ ਹੈ ਤਾਂ ਟੈਂਡਰ ਦੀ ਸ਼ਰਤ ਨੰ. 21 ਅਤੇ 23 ਮੁਤਾਬਿਕ ਠੇਕੇਦਾਰ ਵੱਲੋਂ ਬੋਲੀ ਰਾਹੀਂ ਭਰੀ ਗਈ ਰਾਸ਼ੀ ਵਿੱਚ ਵੀ ਬਦਲਾਵ ਕਰਨ ਦੀ ਜਰੂਰਤ ਹੈ। ਮਾਲ ਰੋਡ ਵਿਖੇ ਰੋਡ ਸਾਈਡ ਪਾਰਕਿੰਗ ਨੂੰ ਛੱਡਦੇ ਹੋਏਚਾਰ ਅਜਿਹੇ ਸਪਾਟ ਵੀ ਹਨ ਜਿਨ੍ਹਾਂ ਵਿੱਚ ਨਿਗਮ ਵੱਲੋਂ ਪਹਿਲਾਂ ਵੀ ਪਾਰਕਿੰਗ ਠੇਕੇ ਤੇ ਦਿੱਤੀ ਜਾਂਦੀ ਰਹੀ ਹੈ। ਉਕਤ ਚਾਰ ਸਪਾਟ ਵਿੱਚ ਪੇਡ ਪਾਰਕਿੰਗ ਰਖਣਾ ਹੀ ਯੋਗ ਹੋਵੇਗਾ। ਜਿਸ ਮੁਤਾਬਿਕ ਜਿੱਥੇ ਅਲਾਟ ਹੋਏ ਟੈਂਡਰ ਵਿੱਚ ਮਾਲ ਰੋਡ ਸਾਈਡ ਪਾਰਕਿੰਗ ਵਿਖੇ 150 ਕਾਰਾਂ ਦੀ ਪੇਡ ਪਾਰਕਿੰਗ ਦੀ ਵਿਵਸਥਾ ਬਣਦੀ ਸੀ, ਉੱਥੇ ਇਹ ਪੇਡ ਪਾਰਕਿੰਗ ਦੀ ਵਿਵਸਥਾ ਘੱਟ ਕੇ ਹੁਣ 77 ਨੰ. ਹੀ ਰਹਿ ਜਾਵੇਗੀ। ਜਿਸ ਮੁਤਾਬਿਕ ਨਿਗਮ ਵੱਲੋਂ ਅਲਾਟ ਕੀਤੇ ਹੋਏ ਟੈਂਡਰ ਦੀ ਰਿਜ਼ਰਵ ਕੀਮਤ 75.00 ਲੱਖ ਰੁਪਏ ਤੋਂ ਘੱਟ ਕੇ 52.14 ਲੱਖ ਰੁਪਏ ਰਹਿ ਜਾਵੇਗੀ ( ਡਿਟੇਲ ਨਾਲ ਨੱਥੀ) । ਕਿਉਂ ਜੋ ਠੇਕੇਦਾਰ ਵੱਲੋਂ 75.00 ਲੱਖ ਰੁਪਏ ਦੇ ਰਿਜ਼ਰਵ ਕੀਮਤ ਦੀ ਬੋਲੀ ਨੂੰ 107.00 ਲੱਖ ਰੁਪਏ + ਜੀ.ਐਸ.ਟੀ ਦੇ ਰੇਟ ਭਰਕੇ ਬੋਲੀ ਤੇ ਲਿਆ ਗਿਆ ਹੈ। ਇਸ ਮੁਤਾਬਿਕ ਠੇਕੇਦਾਰ ਵੱਲੋਂ ਰਿਜ਼ਰਵ ਕੀਮਤ ਤੋਂ 42.67% + ਜੀ.ਐਸ.ਟੀ ਵੱਧ ਰੇਟ ਤੇ ਉਕਤ ਬੋਲੀ ਲਿੱਤੀ ਗਈ ਹੈ। ਇਸ ਮੁਤਾਬਿਕ ਘਟਾਈ ਗਈ ਪਾਰਕਿੰਗ ਸਪੇਸਜ਼ ਦੇ ਹਿਸਾਬ ਨਾਲ ਬਣਦੀ ਰਾਸ਼ੀ 52.14 ਲੱਖ ਰੁਪਏ + 42.67% = 74.39 ਲੱਖ ਰੁਪਏ + ਜੀ.ਐਸ.ਟੀ ਬਣਦੀ ਹੈ।

**ਤਜ਼ਵੀਜ਼ ਨੰ. 2:-** Paid parking inside yellow line on mall road. ਇਸ ਤਜ਼ਵੀਜ਼ ਮੁਤਾਬਿਕ ਜਿੱਥੇ ਠੇਕੇਦਾਰ ਨੂੰ ਮਾਲ ਰੋਡ ਤੇ ਬਰਮਾਂ ਉਪਰ ਸਥਿਤ 150 ਪਾਰਕਿੰਗ ਸਪੇਸਜ਼ ਦਾ ਠੇਕਾ ਦਿੱਤਾ ਗਿਆ ਹੈ। ਉੱਥੇ ਹੀ ਮਾਲ ਰੋਡ ਵਿਖੇ ਕੁਝ ਛੋਟੇ –ਛੋਟੇ ਹਿੱਸਿਆਂ ਵਿੱਚ ਗੱਡੀਆਂ ਦੀ ਪਾਰਕਿੰਗ ਕੀਤੀ ਜਾਣੀ ਸੰਭਵ ਹੈ ਜਿਸ ਰਾਹੀਂ ਤਕਰੀਬਨ 30 ਕਾਰਾਂ ਹੋਰ ਪਾਰਕ ਕੀਤੀਆਂ ਜਾ ਸਕਦੀਆਂ ਹਨ ਅਤੇ ਉਕਤ ਥਾਂਵਾ ਨੂੰ ਚਲਾਉਣ ਖਾਤਿਰ 4 ਹੋਰ ਹੈਲਪਰ ਰੱਖੇ ਜਾਣ ਦੀ ਜਰੂਰਤ ਪਵੇਗੀ। ਜਿਸ ਮੁਤਾਬਿਕ ਨਿਗਮ ਵੱਲੋਂ ਅਲਾਟ ਕੀਤੇ ਹੋਏ ਟੈਂਡਰ ਦੀ ਰਿਜ਼ਰਵ ਕੀਮਤ 75.00 ਲੱਖ ਰੁਪਏ ਤੋਂ ਘੱਟ ਕੇ 74.52 ਲੱਖ ਰੁਪਏ ਰਹਿ ਜਾਵੇਗੀ ( ਡਿਟੇਲ ਨਾਲ ਨੱਥੀ) । ਕਿਉਂ ਜੋ ਠੇਕੇਦਾਰ ਵੱਲੋਂ 75.00 ਲੱਖ ਰੁਪਏ ਦੇ ਰਿਜ਼ਰਵ ਕੀਮਤ ਦੀ ਬੋਲੀ ਨੂੰ 107.00 ਲੱਖ ਰੁਪਏ + ਜੀ.ਐਸ.ਟੀ ਦੇ ਰੇਟ ਭਰਕੇ ਬੋਲੀ ਤੇ ਲਿਆ ਗਿਆ ਹੈ। ਇਸ ਮੁਤਾਬਿਕ ਠੇਕੇਦਾਰ ਵੱਲੋਂ ਰਿਜ਼ਰਵ ਕੀਮਤ ਤੋਂ 42.67% + ਜੀ.ਐਸ.ਟੀ ਵੱਧ ਰੇਟ ਤੇ ਉਕਤ ਬੋਲੀ ਲਿੱਤੀ ਗਈ ਹੈ। ਇਸ ਮੁਤਾਬਿਕ ਘਟਾਈ ਗਈ ਪਾਰਕਿੰਗ ਸਪੇਸਜ਼ ਦੇ ਹਿਸਾਬ ਨਾਲ ਬਣਦੀ ਰਾਸ਼ੀ 74.52 ਲੱਖ ਰੁਪਏ + 42.67% = 106.32 ਲੱਖ ਰੁਪਏ + ਜੀ.ਐਸ.ਟੀ ਬਣਦੀ ਹੈ। ਜੋ ਕਿ ਮੌਜੂਦਾ ਅਲਾਟਜਡ ਰਾਸ਼ੀ 107.00 ਲੱਖ ਰੁਪਏ + ਜੀ.ਐਸ.ਟੀ ਦੇ ਤਕਰੀਬਨ ਬਰਾਬਰ ਬਣਦੀ ਹੈ।

ਇਸ ਸਬੰਧੀ ਐਫ.ਐਂਡ.ਸੀ.ਸੀ ਵੱਲੋਂ ਉਕਤ ਮਤੇ ਸਬੰਧੀ ਪ੍ਰਵਾਨ ਕੀਤਾ ਗਿਆ ਕਿ ਕਿਉਂ ਜੋ ਨਗਰ ਨਿਗਮ ਵੱਲੋਂ ਬਣਾਈ ਇਸ ਨਵੀਂ ਮਲਟੀ ਲੈਵਲ ਕਾਰ ਪਾਰਕਿੰਗ ਨੂੰ ਠੇਕੇ ਤੇ ਦਿੱਤਿਆਂ ਅਜੇ ਥੋੜਾ ਹੀ ਸਮਾਂ ਹੋਇਆ ਹੈ। ਇਸ ਲਈ ਪਾਸ ਕੀਤਾ ਜਾਂਦਾ ਹੈ ਕਿ ਹਾਲ ਦੀ ਘੜੀ ਪਹਿਲਾ ਵਾਲੇ ਨਿਰਧਾਰਿਤ ਰੇਟਾਂ ਅਤੇ ਸ਼ਰਤਾਂ ਤੇ ਹੀ ਇਸ ਪਾਰਕਿੰਗ ਨੂੰ ਠੇਕੇਦਾਰ ਵੱਲੋਂ ਚਲਾਇਆ ਜਾਵੇ। ਲੋਕਾਂ ਦੀ ਸੁਵਿਧਾ ਲਈ ਠੇਕੇਦਾਰ ਵੱਲੋਂ ਪਹਿਲਾਂ ਹੀ ਦੋ ਈ-ਰਿਕਸ਼ਾ ਮੁਫਤ ਚਲਾਇਆ ਜਾ ਰਹੀਆਂ ਹਨ। ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਲੋਕਾਂ ਨੂੰ ਆਪਣੇ ਵਹੀਕਲ ਮਲਟੀ ਲੈਵਲ ਕਾਰ ਪਾਰਕਿੰਗ ਵਿੱਚ ਪਾਰਕ ਕਰਨ ਉਪਰੰਤ ਕੋਈ ਦਿੱਕਤ ਨਾ ਆਵੇ, ਇਸ ਲਈ ਹੋਰ ਦੋ ਈ-ਰਿਕਸ਼ਾ ਨਗਰ ਨਿਗਮ ਵੱਲੋਂ ਬਾਜ਼ਾਰਾ ਵਿੱਚ ਜਾਣ ਖਾਤਿਰ ਆਪਣੇ ਪੱਧਰ ਤੇ ਮੁਫਤ ਚਲਾਇਆ ਜਾਣ। ਇਸ ਸਬੰਧੀ ਦਫਤਰ ਵੱਲੋਂ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਜੇਕਰ ਭਵਿੱਖ ਵਿੱਚ ਫਿਰ ਵੀ ਆਮ ਪਬਲਿਕ ਨੂੰ ਕਿਸੇ ਕਿਸਮ ਦੀ ਕੋਈ ਦਿੱਕਤ ਆਉਂਦੀ ਹੈ ਤਾਂ ਉਸਨੂੰ ਦੂਰ ਕਰਨ ਖਾਤਿਰ ਕੋਈ ਤਜ਼ਵੀਜ਼ ਬਣਾ ਕੇ ਐਫ.ਐਂਡ.ਸੀ.ਸੀ ਦੀ ਮੀਟਿੰਗ ਵਿੱਚ ਵਿਚਾਰ ਲਿਆ ਜਾਵੇਗਾ।

ਹੁਣ ਹਵਾਲੇ ਅਧੀਨ ਦਰਖਾਸਤਾਂ ਰਾਹੀਂ ਵੱਖ-2 ਸ਼ਕਸੀਅਤਾਂ ਵੱਲੋਂ ਪਾਰਕਿੰਗ ਦੇ ਉਕਤ ਟੈਂਡਰ ਵਿੱਚ ਬਦਲਾਵ ਕਰਨ ਲਈ ਮੁੜ ਤੋਂ ਜੋਰ ਪਾਇਆ ਜਾ ਰਿਹਾ ਹੈ। ਉਨ੍ਹਾਂ ਵੱਲੋਂ ਮਾਲ ਰੋਡ ਉਪਰ ਰੋਡ ਸਾਈਡ ਪਾਰਕਿੰਗ ਦੇ ਸਪਾਟ ਘਟਾਉਣ, ਟੋਅ-ਵੈਨ ਦੀ ਵਿਵਸਥਾ ਟ੍ਰੈਫਿਕ ਪੁਲਿਸ ਨੂੰ ਦੇਣ ਅਤੇ ਪਾਰਕਿੰਗ ਦੇ ਰੇਟ ਘਟਾਉਣ ਸਬੰਧੀ ਕਿਹਾ ਜਾ ਰਿਹਾ ਹੈ। ਇਸ ਸਬੰਧੀ ਨਿਗਮ ਵੱਲੋਂ ਆਪਣੇ ਲੀਗਲ ਐਡਵਾਈਜ਼ਰ ਪਾਸੋਂ ਲੀਗਲ ਅਡਵਾਈਜ਼ ਵੀ ਲਈ ਗਈ ਜਿਸ ਵਿੱਚ ਲੀਗਲ ਐਡਵਾਈਜ਼ਰ ਦਾ ਕਹਿਣਾ ਹੈ ਕਿ " As desired by you, I have gone through the noting dated 07.08.2023 on the subject cited above and also the terms and conditions of the Licence Deed dated 14 July, 2023, executed between the MC and Gurmail Singh contractor, regarding the contract of MLCP and find that as per clause 8, Rates of Parking Fee and liabilities of Licensee, " The rates of parking fee and number of parking spots may be altered by MC, Bathinda, however any such alteration which could involve increase/decrease of annual lease money for the remaining period, shall be done on pro-rata basis."

As such I am of the opinion that keeping in view the said provision of the Licence Deed, the MC can reconsider the amendment of decreasing the parking spaces and reducing the parking rates in the terms of contact, subject to decrease in annual lease money, if any, on pro-rata basis and that too subject to the prior approval of the House and F&CC, as the said amendments has already been rejected vide Resolution No. 510 dated 28.07.2023.

Further regarding the withdrawal of power of towing the vehicles from the contractor and handing over the same exclusively to Traffic Police. Keeping in view the clause No. 10 of the Licence Deed, I of the opinion the same cannot be reconsidered by the MC at this stage, it amounts to violations of the terms and conditions of the contract on the part of MC.This is for your information and further necessary action, if any, please ."

ਉਕਤ ਮੁਤਾਬਿਕ ਲੀਗਲ ਐਡਵਾਈਜ਼ਰ ਵੱਲੋਂ ਟੈਂਡਰ ਦੀ ਸ਼ਰਤ ਨੰ. 8 ਦਾ ਵੇਰਵਾ ਦਿੰਦੇ ਹੋਏ ਕਿਹਾ ਗਿਆ ਹੈ ਕਿ ਜੇਕਰ ਨਿਗਮ ਵੱਲੋਂ ਮਾਲ ਰੋਡ ਵਿਖੇ ਰੋਡ ਸਾਈਡ ਪਾਰਕਿੰਗ ਦੇ ਸਪਾਟ ਘਟਾਏ ਜਾਣਾ ਟੈਂਡਰ ਦੀਆਂ ਸ਼ਰਤਾਂ ਮੁਤਾਬਿਕ ਸੰਭਵ ਹੈ ਅਤੇ ਇਸ ਸਬੰਧੀ ਲੀਜ਼ ਮਨੀ ਵਿੱਚ ਪ੍ਰੋ-ਰਾਟਾ ਬੇਸਿਸ ਤੇ ਬਦਲਾਵ ਕਰਨੇ ਯੋਗ ਹੋਣਗੇ। ਉਕਤ ਨੂੰ ਵਿਚਾਰਦੇ ਹੋਏ ਹੇਠ ਲਿਖਿਆਂ ਤਜ਼ਵੀਜ਼ਾ ਤਿਆਰ ਕੀਤੀਆਂ ਗਈਆਂ ਹਨ।

**<u>ਤਜ਼ਵੀਜ਼ ਨੰ. 1 :-</u>** ਜੇਕਰ ਨਿਗਮ ਵੱਲੋਂ ਉਕਤ ਮੰਗਾ ਨੂੰ ਮੰਨ ਲਿਆ ਜਾਂਦਾ ਹੈ ਤਾਂ ਟੈਂਡਰ ਦੀ ਸ਼ਰਤ ਨੰ. 8, 21 ਅਤੇ 23 ਮੁਤਾਬਿਕ ਠੇਕੇਦਾਰ ਵੱਲੋਂ ਬੋਲੀ ਰਾਹੀਂ ਭਰੀ ਗਈ ਰਾਸ਼ੀ ਵਿੱਚ ਵੀ ਬਦਲਾਵ ਕਰਨ ਦੀ ਜਰੂਰਤ ਹੈ। ਮਾਲ ਰੋਡ ਵਿਖੇ ਰੋਡ ਸਾਈਡ ਪਾਰਕਿੰਗ ਨੂੰ ਛੱਡਦੇ ਹੋਏਚਾਰ ਅਜਿਹੇ ਸਪਾਟ ਵੀ ਹਨ ਜਿਨ੍ਹਾਂ ਵਿੱਚ ਨਿਗਮ ਵੱਲੋਂ ਪਹਿਲਾਂ ਵੀ ਪਾਰਕਿੰਗ ਠੇਕੇ ਤੇ ਦਿੱਤੀ ਜਾਂਦੀ ਰਹੀ ਹੈ। ਉਕਤ ਚਾਰ ਸਪਾਟ ਵਿੱਚ ਪੇਡ ਪਾਰਕਿੰਗ ਰਖਣਾ ਹੀ ਯੋਗ ਹੋਵੇਗਾ। ਜਿਸ ਮੁਤਾਬਿਕ ਜਿੱਥੇ ਅਲਾਟ ਹੋਏ ਟੈਂਡਰ ਵਿੱਚ ਮਾਲ ਰੋਡ ਸਾਈਡ ਪਾਰਕਿੰਗ ਵਿਖੇ 150 ਕਾਰਾਂ ਦੀ ਪੇਡ ਪਾਰਕਿੰਗ ਦੀ ਵਿਵਸਥਾ ਬਣਦੀ ਸੀ, ਉੱਥੇ ਇਹ ਪੇਡ ਪਾਰਕਿੰਗ ਦੀ ਵਿਵਸਥਾ ਘੱਟ ਕੇ ਹੁਣ 77 ਨੰ. ਹੀ ਰਹਿ ਜਾਵੇਗੀ । ਜਿਸ ਮੁਤਾਬਿਕ ਨਿਗਮ ਵੱਲੋਂ ਅਲਾਟ ਕੀਤੇ ਹੋਏ ਟੈਂਡਰ ਦੀ ਰਿਜ਼ਰਵ ਕੀਮਤ 75.00 ਲੱਖ ਰੁਪਏ ਤੋਂ ਘੱਟ ਕੇ 52.14 ਲੱਖ ਰੁਪਏ ਰਹਿ ਜਾਵੇਗੀ ( ਡਿਟੇਲ ਨਾਲ ਨੱਥੀ) । ਕਿਉਂ ਜੋ ਠੇਕੇਦਾਰ ਵੱਲੋਂ 75.00 ਲੱਖ ਰੁਪਏ ਦੇ ਰਿਜ਼ਰਵ ਕੀਮਤ ਦੀ ਬੋਲੀ ਨੂੰ 107.00 ਲੱਖ ਰੁਪਏ + ਜੀ.ਐਸ.ਟੀ ਦੇ ਰੇਟ ਭਰਕੇ ਬੋਲੀ ਤੇ ਲਿਆ ਗਿਆ ਹੈ। ਇਸ ਮੁਤਾਬਿਕ ਠੇਕੇਦਾਰ ਵੱਲੋਂ ਰਿਜ਼ਰਵ ਕੀਮਤ ਤੋਂ 42.67% + ਜੀ.ਐਸ.ਟੀ ਵੱਧ ਰੇਟ ਤੇ ਉਕਤ ਬੋਲੀ ਲਿੱਤੀ ਗਈ ਹੈ। ਇਸ ਮੁਤਾਬਿਕ ਘਟਾਈ ਗਈ ਪਾਰਕਿੰਗ ਸਪੇਸਜ਼ ਦੇ ਹਿਸਾਬ ਨਾਲ ਬਣਦੀ ਰਾਸ਼ੀ 52.14 ਲੱਖ ਰੁਪਏ + 42.67% = 74.39 ਲੱਖ ਰੁਪਏ + ਜੀ.ਐਸ.ਟੀ ਬਣਦੀ ਹੈ।

(ਕੁੱਲ 87.78 ਲੱਖ ਰੁਪਏ)

**<u>ਤਜ਼ਵੀਜ਼ ਨੰ. 2 :-</u>** ਜੇਕਰ ਨਿਗਮ ਵੱਲੋਂ ਉਕਤ ਮੰਗਾ ਨੂੰ ਮੰਨ ਲਿਆ ਜਾਂਦਾ ਹੈ ਤਾਂ ਟੈਂਡਰ ਦੀ ਸ਼ਰਤ ਨੰ. 8, 21 ਅਤੇ 23 ਮੁਤਾਬਿਕ ਠੇਕੇਦਾਰ ਵੱਲੋਂ ਬੋਲੀ ਰਾਹੀਂ ਭਰੀ ਗਈ ਰਾਸ਼ੀ ਵਿੱਚ ਵੀ ਬਦਲਾਵ ਕਰਨ ਦੀ ਜਰੂਰਤ ਹੈ। ਮਾਲ ਰੋਡ ਵਿਖੇ ਰੋਡ ਸਾਈਡ ਪਾਰਕਿੰਗ ਨੂੰ ਛੱਡਦੇ ਹੋਏਕੇਵਲ 3 ਪੇਡ ਪਾਰਕਿੰਗ ਰੱਖਿਆਂ ਜਾਣ ਜਿਸ ਵਿੱਚ ਗਾਂਧੀ ਮਾਰਕਿਟ, I Love Bathinda ਦੇ ਸਾਹਮਣੇ ਦੋ ਪਾਰਕਿੰਗਾਂ ਹੀ ਰਹਿ ਜਾਣਗੀਆਂ । ਸਪੋਰਟਸ ਮਾਰਕਿਟ ਦੇ ਆਸ ਪਾਸ ਦਾ ਏਰੀਆ ਤੰਗ ਹੋਣ ਕਾਰਨ ਆਮ ਪਬਲਿਕ ਅਤੇ ਦੁਕਾਨਦਾਰਾਂ ਵੱਲੋਂ ਉੱਥੇ ਕੇਵਲ ਦੋ ਪਹਿਆਂ ਵਾਹਨਾਂ ਦੀ ਪਾਰਕਿੰਗ ਹੀ ਬਣਾਏ ਜਾਣ ਦੀ ਬੇਨਤੀ ਕੀਤੀ ਗਈ ਹੈ। ਜਿਸ ਮੁਤਾਬਿਕ ਜਿੱਥੇ ਅਲਾਟ ਹੋਏ ਟੈਂਡਰ ਵਿੱਚ ਮਾਲ ਰੋਡ ਸਾਈਡ ਪਾਰਕਿੰਗ ਵਿਖੇ 150 ਕਾਰਾਂ ਦੀ ਪੇਡ ਪਾਰਕਿੰਗ ਦੀ ਵਿਵਸਥਾ ਬਣਦੀ ਸੀ, ਉੱਥੇ ਇਹ ਪੇਡ ਪਾਰਕਿੰਗ ਦੀ ਵਿਵਸਥਾ ਘੱਟ ਕੇ ਹੁਣ 61 ਨੰ. ਹੀ ਰਹਿ ਜਾਵੇਗੀ। ਜਿਸ ਮੁਤਾਬਿਕ ਨਿਗਮ ਵੱਲੋਂ ਅਲਾਟ ਕੀਤੇ ਹੋਏ ਟੈਂਡਰ ਦੀ ਰਿਜ਼ਰਵ ਕੀਮਤ 75.00 ਲੱਖ ਰੁਪਏ ਤੋਂ

ਘੱਟ ਕੇ 48.84 ਲੱਖ ਰੁਪਏ ਰਹਿ ਜਾਵੇਗੀ ( ਡਿਟੇਲ ਨਾਲ ਨੱਥੀ) । ਕਿਉਂ ਜੋ ਠੇਕੇਦਾਰ ਵੱਲੋਂ 75.00 ਲੱਖ ਰੁਪਏ ਦੇ ਰਿਜ਼ਰਵ ਕੀਮਤ ਦੀ ਬੋਲੀ ਨੂੰ 107.00 ਲੱਖ ਰੁਪਏ + ਜੀ.ਐਸ.ਟੀ ਦੇ ਰੇਟ ਭਰਕੇ ਬੋਲੀ ਤੇ ਲਿਆ ਗਿਆ ਹੈ। ਇਸ ਮੁਤਾਬਿਕ ਠੇਕੇਦਾਰ ਵੱਲੋਂ ਰਿਜ਼ਰਵ ਕੀਮਤ ਤੋਂ 42.67% + ਜੀ.ਐਸ.ਟੀ ਵੱਧ ਰੇਟ ਤੇ ਉਕਤ ਬੋਲੀ ਲਿੱਤੀ ਗਈ ਹੈ। ਇਸ ਮੁਤਾਬਿਕ ਘਟਾਈ ਗਈ ਪਾਰਕਿੰਗ ਸਪੇਸਜ਼ ਦੇ ਹਿਸਾਬ ਨਾਲ ਬਣਦੀ ਰਾਸ਼ੀ 48.84 ਲੱਖ ਰੁਪਏ + 42.67% = 69.68 ਲੱਖ ਰੁਪਏ + ਜੀ.ਐਸ.ਟੀ ਬਣਦੀ ਹੈ।
(ਕੁੱਲ 82.22 ਲੱਖ ਰੁਪਏ)

ਉਕਤ ਪ੍ਰਸਤਾਵ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 09.08.2023 ਵਿੱਚ ਵਿਚਾਰ ਲਈ ਰੱਖਿਆ ਗਿਆ ਸੀ। ਐਫ.ਐਂਡ ਸੀ.ਸੀ ਵੱਲੋਂ ਵਿਚਾਰ ਕਰਨ ਉਪਰੰਤ ਆਪਣੇ ਮਤਾ ਨੰਬਰ 514 ਮਿਤੀ 28.07.2023 ਰਾਹੀਂ ਫੈਸਲਾ ਕੀਤਾ ਕਿ :

"ਮੀਟਿੰਗ ਵਿੱਚ ਦਸਿਆ ਗਿਆ ਕਿ ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 28.07.2023 ਵਿੱਚ ਇਸ ਮੱਦ ਨੂੰ ਨਿਗਮ ਦੇ ਕਾਨੂੰਨੀ ਸਲਾਹਕਾਰ ਪਾਸੋਂ ਰਾਏ ਲੈਣ ਉਪਰੰਤ ਪੇਸ਼ ਕਰਨ ਲਈ ਪੈਡਿੰਗ ਰੱਖਿਆ ਗਿਆ ਸੀ, ਨਾਂ ਕਿ ਇਸਨੂੰ ਰੱਦ ਕੀਤਾ ਗਿਆ ਸੀ। ਜਦਕਿ ਕਾਨੂੰਨੀ ਸਲਾਹਕਾਰ ਵੱਲੋਂ ਆਪਣੀ ਰਾਏ ਵਿੱਚ ਮਤਾ ਨੰਬਰ 510 ਮਿਤੀ 28.07.2023 ਨੂੰ ਰੱਦ ਕਰਨਾ ਲਿਖਿਆ ਗਿਆ ਹੈ। ਇਸ ਲਈ ਇਸ ਵਿੱਚ ਦਰੁੱਸਤੀ ਕੀਤੀ ਜਾਵੇ।

ਸ਼ਹਿਰ ਵਿੱਚ ਬਠਿੰਡਾ ਵਪਾਰ ਮੰਡਲ ਅਤੇ ਹੋਰ ਕਈ ਲੋਕਾਂ ਵੱਲੋਂ ਮਲਟੀ ਸਟੋਰੀ ਪਾਰਕਿੰਗ ਨੂੰ ਲੈ ਕੇ ਕੀਤੇ ਜਾ ਰਹੇ ਧਰਨੇ, ਰੋਸ ਮੁਜਾਹਰਿਆਂ ਨੂੰ ਦੇਖਦੇ ਹੋਏ ਨਿਗਮ ਦੇ ਕਾਨੂੰਨੀ ਸਲਾਹਕਾਰ ਦੀ ਰਾਏ ਲੈਣ ਉਪਰੰਤ ਲੋਕ ਹਿੱਤ ਵਿੱਚ ਪਾਸ ਕੀਤਾ ਜਾਂਦਾ ਹੈ ਕਿ ਦਫਤਰ ਵੱਲੋਂ ਪੇਸ਼ ਤਜਵੀਜ ਨੰਬਰ 2 ਪ੍ਰਵਾਨ ਹੈ।

ਠੇਕੇਦਾਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕੋਈ ਵੀ ਗੱਡੀ ਪੀਲੀ ਲਾਈਨ ਦੇ ਅੰਦਰੋ ਟੌਅ ਨਾ ਕੀਤੀ ਜਾਵੇ।

ਪੀਲੀ ਲਾਈਨ ਦੇ ਅੰਦਰ ਗੱਡੀਆਂ ਪਾਰਕ ਕਰਨ ਲਈ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:

1. ਆਮ ਪਬਲਿਕ ਵੱਲੋਂ ਕੋਈ ਵੀ ਵਹੀਕਲ ਫੁੱਟਪਾਥ ਤੇ ਚੜ੍ਹਾ ਕੇ ਖੜਾ ਨਹੀਂ ਕੀਤਾ ਜਾਵੇਗਾ। ਜੇਕਰ ਅਜਿਹਾ ਪਾਇਆ ਜਾਂਦਾ ਹੈ ਤਾਂ ਠੇਕੇਦਾਰ ਉਸ ਵਹੀਕਲ ਨੂੰ ਟੌਅ ਕਰੇਗਾ।

2. ਕਿਸੇ ਵੀ ਵਹੀਕਲ ਦੇ ਇੱਕ ਤੋਂ ਵੱਧ ਟਾਇਰ ਪੀਲੀ ਲਾਈਨ ਤੋਂ ਬਾਹਰ ਹੋਣ ਦੀ ਸੂਰਤ ਵਿੱਚ ਠੇਕੇਦਾਰ ਵੱਲੋਂ ਵਹੀਕਲ ਟੌਅ ਕਰਕੇ ਟੈਂਡਰ ਦੀਆਂ ਸ਼ਰਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ।

3. ਆਮ ਪਬਲਿਕ ਵੱਲੋਂ ਸਹੀ ਤਰੀਕੇ ਨਾਲ ਆਪਣੇ ਵਹੀਕਲ ਪੀਲੀ ਲਾਈਨ ਦੇ ਅੰਦਰ ਜਾਂ ਮਲਟੀ ਸਟੋਰੀ ਪਾਰਕਿੰਗ ਦੇ ਅੰਦਰ ਹੀ ਪਾਰਕ ਕੀਤੇ ਜਾਣ।
4. ਠੇਕੇਦਾਰ ਦੀ ਜਿੰਮੇਵਾਰੀ ਹੋਵੇਗੀ ਕਿ ਕੋਈ ਵੀ ਬੰਦ ਖੜਾ ਹੋਇਆ ਚਾਰ ਪਹੀਆ, ਦੋ ਪਹੀਆ ਵਹੀਕਲ ਜਾਂ ਬੰਦ ਰੇਹੜੀ ਪੀਲੀ ਲਾਈਨ ਦੇ ਬਾਹਰ ਖੜੇ ਦੀ ਸੂਰਤ ਵਿੱਚ ਉਸਨੂੰ ਟੋਅ ਕਰਕੇ ਟੈਂਡਰ ਦੀਆਂ ਸ਼ਰਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ।

ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਐਫ.ਐਂਡ ਸੀ.ਸੀ. ਦੀ ਅੱਜ ਦੀ ਮੀਟਿੰਗ ਦਾ ਇਹ ਫੈਸਲਾ ਮਿਤੀ 10.08.2023 ਤੋਂ ਸਵੇਰੇ 9.00 ਵਜੇ ਤੋਂ ਲਾਗੂ ਹੋਵੇਗਾ।

ਉਕਤ ਫੈਸਲਾ ਹਾਊਸ ਦੀ ਮੀਟਿੰਗ ਵਿੱਚ ਕੰਨਫਰਮੇਸ਼ਨ ਲਈ ਭੇਜਿਆ ਜਾਵੇ"।

ਐਫ.ਐਂਡ ਸੀ.ਸੀ.ਦੇਮਤਾ ਨੰਬਰ 514 ਮਿਤੀ 09.08.2023 ਅਨੁਸਾਰ ਉਕਤ ਕੇਸ ਹਾਊਸ ਦੀ ਕੰਨਫਰਮੇਸ਼ਨ ਹਿੱਤ।

ਸ੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਉਕਤ ਮੱਦ ਸਬੰਧੀ ਐਫ.ਐਂਡ ਸੀ.ਸੀ. ਦੇ ਮੈਂਬਰ ਸਾਹਿਬਾਨ ਪਾਸੋਂ ਜਾਣਕਾਰੀ ਮੰਗੀ ਕਿ ਐਫ.ਐਂਡ ਸੀ.ਸੀ. ਵੱਲੋਂ ਜੋ ਰੇਟ ਘਟਾਏ ਗਏ ਹਨ, ਕੀ ਉਹਨਾਂ ਸਬੰਧੀ ਠੇਕੇਦਾਰ ਪਾਸੋਂ ਸਹਿਮਤੀ ਲੈ ਲਈ ਗਈ ਹੈ। ਉਹਨਾਂ ਕਿਹਾ ਕਿ ਤੁਸੀ ਨਗਰ ਨਿਗਮ ਦਾ ਮਾਲੀਆ ਘਟਾ ਰਹੇ ਹੋ। ਇਹ ਮਤਾ ਪਾ ਕੇ ਹਾਊਸ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਇਸਤੇ ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਠੇਕੇਦਾਰ ਦੀ ਸਹਿਮਤੀ ਦੀ ਇਸ ਸਬੰਧੀ ਕੋਈ ਲੋੜ੍ਹ ਹੀ ਨਹੀਂ ਹੈ। ਇਹ ਮਤਾ ਰੱਦ ਨਹੀਂ ਕੀਤਾ ਜਾ ਸਕਦਾ। ਸ੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਕਿਹਾ ਕਿ ਹਾਊਸ ਦੀ ਪਿਛਲੀਆਂ ਮੀਟਿੰਗਾਂ ਦੋਰਾਨ ਬਾਜਾਰ ਕੈਂਸਲ ਕਰ ਦਿੱਤੇ ਗਏ ਸਨ, ਜਦਕਿ ਠੇਕੇਦਾਰ ਵੱਲੋਂ ਹੁਣ ਵੀ ਗਲਤ ਪਾਰਕ ਕੀਤੇ ਵਹੀਕਲ ਟੋਅ ਕੀਤੇ ਜਾ ਰਹੇ ਹਨ। ਜੇਕਰ ਬਾਜਾਰ ਕੈਂਸਲ ਹੀ ਕਰ ਦਿੱਤੇ ਸਨ, ਤਾਂ ਇਹਨਾਂ ਵਿੱਚੋਂ ਠੇਕੇਦਾਰ ਵੱਲੋਂ ਵਹੀਕਲਜ਼ ਕਿਉਂ ਟੌਅ ਕੀਤੇ ਜਾ ਰਹੇ ਹਨ। ਇਸ ਨਾਲ ਨਗਰ ਨਿਗਮ ਦੀ ਬਦਨਾਮੀ ਹੋ ਰਹੀ ਹੈ। ਕਈ ਐਨ.ਜੀ.ਓ. ਦੁਕਾਨਦਾਰਾਂ ਅਤੇ ਕਈ ਲੋਕਾਂ ਵੱਲੋਂ ਇਸਦੇ ਵਿਰੋਧ ਵਿੱਚ ਧਰਨੇ ਵੀ ਲਗਾਏ ਗਏ ਸਨ। ਉਹ ਵਿਉਪਾਰੀਆਂ ਦੇ ਨਾਲ ਹਨ। ਉਹਨਾਂ ਕਿਹਾ ਕਿ ਨਗਰ ਨਿਗਮ ਵੱਲੋਂ ਜੋ 75.00 ਲੱਖ ਰੁਪਏ ਦਾ ਠੇਕਾ ਪਾਸ ਕੀਤਾ ਸੀ, ਉਹ ਠੇਕੇਦਾਰ ਵੱਲੋਂ 107.00 ਲੱਖ ਰੁਪਏ ਵਿੱਚ 5 ਸਾਲ ਅਤੇ ਇਸ ਉਪਰੰਤ 2 ਸਾਲ ਦਾ ਹੋਰ ਲਾਭ ਦਿੰਦੇ ਹੋਏ 7

ਸਾਲ ਲਈ ਲਿਆ ਗਿਆ। ਹੁਣ ਐਫ.ਐਂਡ.ਸੀ.ਸੀ. ਵੱਲੋਂ ਆਪਣੇ ਪੱਧਰ ਤੇ ਇਸਨੂੰ 69.68 ਲੱਖ ਰੁਪਏ ਦਾ ਕਿਉਂ ਕਰ ਦਿੱਤਾ? ਇਸ ਘਾਟੇ ਦਾ ਕੋਣ ਜਿੰਮਵਾਰ ਹੈ? ਸ੍ਰ: ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਮੰਗ ਕੀਤੀ ਕਿ ਇਸ ਸਬੰਧੀ ਕਮੇਟੀ ਬਣਾ ਲਈ ਜਾਵੇ। ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਪੁੱਛਿਆ ਕਿ ਅਗਲੇ 7 ਸਾਲਾਂ ਦੋਰਾਨ 40.00 ਲੱਖ ਰੁਪਏ ਸਲਾਨਾ ਘਾਟੇ ਦੀ ਜਿੰਮੇਵਾਰ ਐਫ.ਐਂਡ ਸੀ.ਸੀ. ਹੋਊ ਜਾਂ ਕੋਈ ਹੋਰ? ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਸ ਨਵੀਂ ਬਣੀ ਮਲਟੀ ਸਟੋਰੀ ਕਾਰ ਪਾਰਕਿੰਗ ਦੇ ਸ਼ੁਰੂ ਵਿੱਚ ਹੀ ਕੁੱਝ ਲੀਡਰ ਸਾਹਿਬਾਨ, ਐਨ.ਜੀ.ਓਜ਼ ਅਤੇ ਕੁੱਝ ਲੋਕਾਂ ਵੱਲੋਂ ਵਿਰੋਧ ਕੀਤਾ ਗਿਆ। ਇਹ ਸ਼ਹਿਰ ਲਈ ਇੱਕ ਨਵਾਂ ਕੰਮ ਹੈ। ਇਸ ਸਬੰਧੀ ਵਿਰੋਧ ਨੂੰ ਦੇਖਦੇ ਹੋਏ ਇਸ ਸਬੰਧੀ ਦੁਬਾਰਾ ਤੋਂ ਵਿਚਾਰ ਕੀਤਾ ਗਿਆ। ਜਦੋਂ ਵੀ ਕੋਈ ਨਵਾਂ ਕੰਮ ਕੀਤਾ ਜਾਂਦਾ ਹੈ ਤਾਂ ਕਈ ਮਸਲੇ ਵੀ ਖੜੇ ਹੁੰਦੇ ਹਨ। ਉਹਨਾਂ ਹਾਊਸ ਨੂੰ ਜਾਣੂ ਕਰਵਾਇਆ ਕਿ ਇਸ ਕਾਰ ਪਾਰਕਿੰਗ ਦਾ ਠੇਕਾ ਦੇਣ ਸਮੇਂ ਕੰਟਰੈਕਟ ਵਿੱਚ ਇਹ ਪਹਿਲਾਂ ਹੀ ਪ੍ਰੋਵੀਜ਼ਨ ਰੱਖੀ ਗਈ ਸੀ ਕਿ ਠੇਕੇਦਾਰ ਦਾ ਏਰੀਆ ਘਟਾਇਆ/ ਵਧਾਇਆ ਜਾ ਸਕਦਾ ਹੈ। ਟੈਂਡਰ ਵਿੱਚ **Prorata** ਬੇਸਿਸ ਤੇ ਏਰੀਆ ਘਟਾਉਣ ਵਧਾਉਣ ਦੀ ਪ੍ਰੋਵੀਜ਼ਨ ਰੱਖੀ ਗਈ ਸੀ। ਮਾਲ ਰੋਡ ਤੇ ਸ਼ਹਿਰਵਾਸੀਆਂ ਤੋਂ ਇਲਾਵਾ ਬਾਹਰ ਤੋਂ ਵੀ ਲੋਕ ਆਉਂਦੇ ਹਨ। ਲੋਕਾਂ ਨੂੰ ਆ ਰਹੀ ਪਰੇਸ਼ਾਨੀ ਨੂੰ ਦੇਖਦੇ ਹੋਏ ਹੀ ਮਾਲ ਰੋਡ ਤੇ **Parking Slot** ਘੱਟ ਕੀਤੇ ਗਏ। ਓਪਨ ਏਰੀਆਜ਼ ਨੂੰ ਕੱਟ ਕਰ ਦਿੱਤਾ ਗਿਆ। ਜੇਕਰ ਬਠਿੰਡਾ ਸ਼ਹਿਰ ਵਿਖੇ ਇਸ ਨਵੀਂ ਬਣੀ ਕਾਰ ਪਾਰਕਿੰਗ ਦਾ ਠੇਕਾ ਵੀ ਬਿਨ੍ਹਾਂ ਕਿਸੇ ਕਾਰਨ ਰੱਦ ਕਰ ਦਿੱਤਾ ਜਾਂਦਾ ਹੈ ਤਾਂ ਸਬੰਧਤ ਠੇਕੇਦਾਰ ਵੱਲੋਂ **Loss of Profit** ਸਬੰਧੀ ਕਲੇਮ ਵੀ ਪਾਇਆ ਜਾ ਸਕਦਾ ਹੈ। ਇਸ ਨਾਲ ਨਗਰ ਨਿਗਮ ਨੂੰ ਨੁਕਸਾਨ ਵੀ ਝਲਣਾ ਪੈ ਸਕਦਾ ਹੈ। ਉਹਨਾਂ ਕਿਹਾ ਕਿ ਜੇਕਰ ਕੋਈ ਇਸ ਮੱਦ ਨੂੰ ਰੱਦ ਕਰਵਾਉਣਾ ਚਾਹੁੰਦਾ ਹੈ ਤਾਂ ਲਿਖਤੀ ਰੂਪ ਵਿੱਚ ਦਿੱਤਾ ਜਾਵੇ, ਤਾਂ ਜੋ ਕਿਸੇ ਕਿਸਮ ਦਾ ਨੁਕਸਾਨ ਹੋਣ ਦੀ ਸੂਰਤ ਵਿੱਚ ਉਸ ਪਾਸੋਂ ਨਿੱਜੀ ਤੋਰ ਤੇ ਭਰਪਾਈ ਕਰਵਾਈ ਜਾ ਸਕੇ। ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਇਸ ਸਬੰਧੀ ਕਮੇਟੀ ਬਣਾਈ ਜਾਵੇ ਅਤੇ ਠੇਕੇਦਾਰ ਨੂੰ ਵੀ ਇਸ ਕਮੇਟੀ ਸਾਹਮਣੇ ਬੁਲਾਇਆ ਜਾਵੇ ਤਾਂ ਜੋ ਉਸਦੀ ਵੀ ਸਹਿਮਤੀ ਲਈ ਜਾ ਸਕੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਠੇਕੇਦਾਰ ਨੂੰ ਬੁਲਾਉਣ ਦੀ ਕੋਈ ਲੋੜ੍ਹ ਹੀ ਨਹੀਂ ਹੈ। ਉਹਨਾਂ ਇਹ ਵੀ ਕਿਹਾ ਕਿ ਸ਼ਹਿਰ ਦੇ ਭਲੇ ਲਈ ਸਾਨੂੰ ਇੱਕ ਹੋ ਜਾਣਾ ਚਾਹੀਦਾ ਹੈ। ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸ਼ਲਰ ਨੇ ਮੁੜ੍ਹ ਤੋਂ ਕਿਹਾ ਕਿ ਹਾਊਸ ਨੂੰ ਗਲਤ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਮੱਦ ਸਬੰਧੀ ਕੰਨਫਰਮੇਸ਼ਨ ਦੇਣ ਤੋਂ ਪਹਿਲਾਂ ਇਕ ਕਮੇਟੀ ਬਣਾ ਲਈ ਜਾਵੇ ਅਤੇ ਕਮੇਟੀ ਵੱਲੋਂ ਲਏ ਗਏ ਫੈਸਲੇ ਦੀ ਜਾਣਕਾਰੀ ਹਾਊਸ ਦੇ ਸਾਹਮਣੇ ਰੱਖੀ ਜਾਵੇ। ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਕਿਹਾ ਕਿ ਇਸਨੂੰ ਕੈਂਸਲ ਕਰ ਦੇਣਾ ਚਾਹੀਦਾ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਫਿਰ ਤੋਂ ਕਿਹਾ ਕਿ ਐਫ.ਐਂਡ ਸੀ.ਸੀ. ਦਾ ਫੈਸਲਾ ਕਾਨੂੰਨੀ ਰੂਪ ਵਿੱਚ ਬਿਲਕੁੱਲ ਸਹੀ ਹੈ। ਜੇਕਰ ਤੁਸੀ ਇਸ ਫੈਸਲੇ ਨਾਲ ਸਹਿਮਤ ਨਹੀਂ ਹੋ ਤਾਂ ਤੁਸੀ ਲਿਖ ਕੇ ਦਿਉ।

ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਅਤੇ ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਵੱਲੋਂ ਇਸ ਮੱਦ ਸਬੰਧੀ ਉਕਤ ਅਨੁਸਾਰ ਆਪਣਾ ਵਿਰੋਧ ਦਰਜ਼ ਕਰਵਾਇਆ। ਸ੍ਰ: ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਉਹ ਹਾਊਸ ਦੇ ਇਸ ਏਜੰਡੇ ਨਾਲ ਸਹਿਮਤ ਨਹੀਂ ਹਨ।

ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਧੋਬੀ ਬਾਜਾਰ ਵਿੱਚ ਗਲਤ ਪਾਰਕ ਕੀਤੇ ਗਏ ਵਹੀਕਲਜ਼ ਟੋਅ ਨਾ ਕੀਤੇ ਜਾਣ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਕਿਸੇ ਇੱਕ ਵਿਅਕਤੀ ਖਾਤਰ ਸਾਰੇ ਸਿਸਟਮ ਨੂੰ ਫੇਲ ਨਹੀਂ ਕੀਤਾ ਜਾ ਸਕਦਾ।

ਸ਼੍ਰੀ ਇੰਦਰਜੀਤ ਸਿੰਘ ਕੌਂਸਲਰ ਨੇ ਕਿਹਾ ਕਿ ਲੋਕਾਂ ਵੱਲੋਂ ਗਲਤ ਪਾਰਕ ਕੀਤੇ ਵਹੀਕਲਜ਼ ਟੋਅ ਕਰਨ ਸਮੇਂ ਠੇਕੇਦਾਰ ਨਾਲ ਕੋਈ ਪੁਲਿਸ ਮੁਲਾਜ਼ਮ ਵੀ ਨਾਲ ਲਗਾਇਆ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਹਰ ਟੌਅ ਵੈਨ ਨਾਲ 1 ਜਾਂ 2 ਪੁਲਿਸ ਕਰਮਚਾਰੀ ਹੋਣਗੇ।

| | |
|---|---|
| ਮਤਾ ਨੰਬਰ 242 : | ਪ੍ਰਵਾਨ ਹੈ। |

ਏਜੰਡਾ ਨੰ: 5:

ਰਿਪੋਰਟ ਵਰਕਸ ਸ਼ਾਖਾ ਕਿ Road access to SBI AO Building (Behind Hindustan Petroleum Building), Phase-II, Part-II Bathinda ਦੇ ਕੰਮ ਅਧੀਨ ਦਫਤਰ ਨਗਰ ਨਿਗਮ ਬਠਿੰਡਾ ਨੂੰ ਡਿਪਟੀ ਜਨਰਲ ਮੈਨੇਜ਼ਰ, ਭਾਰਤੀ ਸਟੇਟ ਬੈਂਕ ਦੀ ਦਰਖਾਸਤ ਨੰਬਰ 2156 ਮਿਤੀ 16.08.2023, ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਰਾਹੀਂ ਪ੍ਰਾਪਤ ਹੋਈ ਹੈ, ਜਿਸ ਵਿੱਚ ਉਨ੍ਹਾਂ ਵੱਲੋਂ ਲਿਖਿਆ ਗਿਆ ਹੈ ਕਿ ਬੈਂਕ ਵੱਲੋਂ ਨਵਾਂ ਹੈਡ ਆਫਿਸ ਬਣਾਇਆ ਗਿਆ ਹੈ, ਜੋ ਕਿ ਸਤੰਬਰ 2023 ਵਿੱਚ ਸ਼ੁਰੂ ਕੀਤਾ ਜਾਣਾ ਹੈ। ਇਸ ਲਈ ਬਿਲਡਿੰਗ ਦੇ ਆਲੇ-ਦੁਆਲੇ ਪਾਰਕਿੰਗ ਵਿੱਚ ਟਾਇਲਾਂ ਲਗਾਉਣ ਦੀ ਮੰਗ ਕੀਤੀ ਗਈ ਹੈ। ਜੇਕਰ ਇਸ ਕੰਮ ਨੂੰ ਟੈਂਡਰ ਲਗਾ ਕੇ ਕਰਵਾਇਆ ਜਾਂਦਾ ਹੈ ਤਾਂ ਇਸ ਵਿੱਚ ਕਾਫੀ ਸਮਾਂ ਲੱਗ ਜਾਵੇਗਾ। ਇਸ ਲਈ ਇਹ ਕੰਮ ਵਰਕਰ ਆਰਡਰ ਨੰਬਰ 372/ਵ ਮਿਤੀ 20.12.2021 "Const. of room at various attendance points in city" ਰਾਹੀਂ ਅਲਾਟ ਕੰਮ ਵਿੱਚ ਬਣਦੀ ਸੇਵਿੰਗ ਅਤੇ 10% ਵਾਧਾ ਕਰਕੇ ਇਹ ਕੰਮ ਕਰਵਾਇਆ ਜਾ ਸਕਦਾ ਹੈ। ਇਸ ਕੰਮ ਤੇ 19.47 ਲੱਖ ਰੁਪਏ ਖਰਚ ਆਉਣ ਦੀ ਸੰਭਾਵਨਾ ਹੈ।

ਇਸ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "Laying of CC Paver blocks in front of SBI AO Bldg. is urgent as this Govt. bldg. is pending for

inauguration because of pending pavement in front of Bldg. The estimate of laying paver blocks on this road is Rs. 9,23,000/-. May be allow to execute from the work of Const. of room at various attendance points in city, as proposed. For approval, pl".

ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "In principle approval be granted in anticipation keeping in view the fact that PSU is losing public money in rent. The proposal be got approved post facto from House".

ਉਕਤ ਕੰਮ ਵਿੱਚੋਂ ਟਾਇਲਾਂ ਲਗਾਉਣ ਦਾ ਕੰਮ ਕਰਵਾਉਣ ਅਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| ਮਤਾ ਨੰਬਰ243 : | ਪ੍ਰਵਾਨ ਹੈ। |
|---|---|

**ਏਜੰਡਾ ਨੰ: 6:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 2, ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 2375 ਮਿਤੀ 13.09.2022 ਰਾਹੀਂ ਨੇੜੇ ਰੋਜ਼ ਗਾਰਡਨ ਚੌਂਕ ਵਿੱਚ ਪਾਣੀ ਦੀਆਂ ਪਾਈਪਾਂ ਦੀ ਲੀਕੇਜ਼ ਕਾਰਨ ਹਾਈਵੇ ਦੇ ਹੋਰ ਰਹੇ ਨੁਕਸਾਨ ਨੂੰ ਰੋਣ ਲਈ ਬਦਲਵੇਂ ਪ੍ਰਬੰਧ ਕਰਨ ਲਈ 30.56 ਲੱਖ ਰੁਪਏ ਦਾ ਤਖਮੀਨਾ ਭੇਜਿਆ ਗਿਆ ਸੀ, ਜੋ ਮਾਨਯੋਗ ਹਾਊਸ ਵੱਲੋਂ ਆਪਣੇ ਮਤਾ ਨੰਬਰ 186 ਮਿਤੀ 20.03.2023 ਰਾਹੀਂ ਪ੍ਰਵਾਨ ਕਰ ਲਿਆ ਗਿਆ ਹੈ। ਹੁਣ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 2, ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 2833 ਮਿਤੀ 09.08.2023 ਰਾਹੀਂ ਇਸ ਕੰਮ ਦਾ ਰਿਵਾਇਜ਼ ਤਖਮੀਨਾ ਮੁਬਲਿਗ 34.30 ਲੱਖ ਰੁਪਏ ਦਾ ਭੇਜਿਆ ਗਿਆ ਹੈ।

ਇਸ ਸਬੰਧੀ ਸਹਾਇਕ ਨਿਗਮ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "ਕਿਉਂ ਜੋ ਇਹ ਤਖਮੀਨਾ ਪਹਿਲਾਂ ਹੀ ਹਾਊਸ ਵੱਲੋਂ ਮੁਬਲਿਗ 30.56 ਲੱਖ ਰੁਪਏ ਦਾ ਪ੍ਰਵਾਨ ਹੈ। ਇਸ ਲਈ ਕੰਮ ਦੀ ਮਹਤੱਤਾ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਹਾਊਸ ਦੀ ਪ੍ਰਵਾਨਗੀ ਦੀ ਆਸ ਵਿੱਚ ਇਸ ਕੰਮ ਨੂੰ ਕਰਨ ਦੀ ਪ੍ਰਵਾਨਗੀ ਦਿੱਤੀ ਜਾਣੀ ਯੋਗ ਹੋਵੇਗੀ। ਹੁਕਮਾਂ ਹਿੱਤ ਪੇਸ਼ ਹੈ ਜੀ"।

ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ, ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "May be approved in anticipation".

ਤਖਮੀਨੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| ਮਤਾ ਨੰਬਰ244 : | ਪ੍ਰਵਾਨ ਹੈ। |
|---|---|

**ਏਜੰਡਾ ਨੰ: 7:**

ਰਿਪੋਰਟ ਲੇਖਾ ਸ਼ਾਖਾ ਕਿ Construction of multi level Car Parking in Senior Secondry School site at Mall Road, Bathinda ਦੇ ਕੰਮ ਅਧੀਨ ਵਰਕ ਆਰਡਰ ਨੰਬਰ 381/W ਮਿਤੀ 27.12.2021 ਰਾਹੀਂ Vindhya Telelinks Ltd. ਨੂੰ ਅਲਾਟ ਕੀਤਾ ਗਿਆ ਸੀ। ਉਕਤ ਕੰਮ ਲਈ ਸਰਕਾਰ ਵੱਲੋਂ 2674.69 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਸੀ। ਇੰਜੀਨੀਅਰਿੰਗ ਸ਼ਾਖਾ ਦੀ ਰਿਪੋਰਟ ਅਨੁਸਾਰ ਇਹ ਕੰਮ ਖਤਮ ਹੋ ਚੁੱਕਿਆ ਹੈ। ਇਸ ਕੰਮ ਦਾ ਫਾਇਨਲ ਬਿੱਲ ਤਿਆਰ ਹੋ ਚੁੱਕਾ ਹੈ। ਇਸ ਕੰਮ ਉਪਰ ਲਗਭਗ 2878.61 ਲੱਖ ਰੁਪਏ ਖਰਚ ਹੋ ਚੁੱਕੇ ਹਨ, ਜੋ ਕਿ ਪ੍ਰਾਪਤ ਗ੍ਰਾਂਟ ਤੋਂ 203.92 ਲੱਖ ਰੁਪਏ ਵੱਧ ਹਨ। ਮਾਨਯੋਗ ਸਾਬਕਾ ਕਮਿਸ਼ਨਰ ਜੀ ਵੱਲੋਂ ਆਪਣੇ ਹੁਕਮ ਮਿਤੀ 05.07.2023 ਰਾਹੀਂ ਇਸ ਗ੍ਰਾਂਟ ਤੋਂ ਪ੍ਰਾਪਤ ਵਿਆਜ਼ ਇਸ ਕੰਮ ਉਪਰ ਖਰਚ ਕਰਨ ਦੀ ਪ੍ਰਵਾਨਗੀ ਦਿੱਤੀ।

ਪਰੰਤੂ ਹੁਣ Finance Department ਵੱਲੋਂ ਇਸ ਗ੍ਰਾਂਟ ਉਪਰ ਪ੍ਰਾਪਤ ਵਿਆਜ਼ ਸਬੰਧਤ ਵਿਭਾਗ ਨੂੰ ਵਾਪਸ ਕਰਨ ਲਈ ਕਿਹਾ ਗਿਆ ਹੈ। ਇਸ ਲਈ ਇਸ ਗ੍ਰਾਂਟ ਉਪਰ ਪ੍ਰਾਪਤ ਵਿਆਜ 88.58 ਲੱਖ ਰੁਪਏ ਸਬੰਧਤ ਵਿਭਾਗ ਨੂੰ ਵਾਪਸ ਕਰਨ ਅਤੇ ਉਕਤ ਕੰਮ ਉਪਰ ਵੱਧ ਖਰਚ ਹੋਈ ਰਾਸ਼ੀ 203.92 ਲੱਖ ਰੁਪਏ ਦੀ ਅਦਾਇਗੀ ਨਗਰ ਨਿਗਮ ਫੰਡ ਵਿੱਚੋਂ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਉਕਤ ਖਰਚਾ ਤਾਂ ਪਹਿਲਾਂ ਹੀ ਕਰ ਦਿੱਤਾ ਗਿਆ ਹੈ। ਹੁਣ ਇਸਦੀ ਪ੍ਰਵਾਨਗੀ ਕਿਉਂ ਲਈ ਜਾ ਰਹੀ ਹੈ? ਉਹਨਾਂ ਕਿਹਾ ਕਿ ਇਸਨੂੰ ਸਮੇਂ ਮੁਤਾਬਿਕ ਹੀ ਪਾਸ ਕਰਵਾਉਣਾ ਬਣਦਾ ਸੀ। ਪਹਿਲਾਂ ਇਸਦੀ ਪ੍ਰਵਾਨਗੀ ਹਾਊਸ ਤੋਂ ਕਿਉਂ ਨਹੀਂ ਲਈ ਗਈ? ਸ਼੍ਰੀ ਹਰਵਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਸਾਨੂੰ ਇੱਕ ਸਟਰੀਟ ਲਾਈਟ ਦੀ ਟਿਊਬ ਜਾਂ ਇੱਕ ਟਰੀ ਗਾਰਡ ਲੈਣ ਖਾਤਰ ਮਿੰਨਤਾਂ ਕਰਨੀਆਂ ਪੈਂਦੀਆਂ ਹਨ, ਜਦਕਿ ਨਗਰ ਨਿਗਮ ਵੱਲੋਂ ਕਰੋੜਾਂ ਰੁਪਏ ਆਪਣੇ ਪੱਧਰ ਤੇ ਹੀ ਖਰਚ ਕੀਤੇ ਜਾ ਰਹੇ ਹਨ। ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਵਿਸਥਾਰ ਵਿੱਚ ਦਸਿਆ ਕਿ ਪਹਿਲਾਂ ਜੋ ਵੀ ਵੱਧ ਖਰਚਾ ਹੋਇਆ ਹੈ, ਉਸਦੀ ਭਰਪਾਈ ਸਰਕਾਰ ਪਾਸੋਂ ਉਕਤ ਕੰਮ ਲਈ ਦਿੱਤੇ ਗਏ ਪੈਸਿਆਂ ਦੇ ਵਿਆਜ਼ ਤੋਂ ਕੀਤੀ ਜਾਣੀ ਸੀ, ਜਿਸਦੀ ਕਿ ਹਾਊਸ ਤੋਂ ਪ੍ਰਵਾਨਗੀ ਦੀ ਕੋਈ ਲੋੜ੍ਹ ਨਹੀਂ ਸੀ। ਪਰੰਤੂ ਹੁਣ ਸਰਕਾਰ ਵੱਲੋਂ ਦਿੱਤੇ ਗਏ ਪੈਸਿਆਂ ਤੇ ਵਿਆਜ਼ ਦੀ**

**ਵਾਪਸ ਕਰਨ ਦੀ ਮੰਗ ਕੀਤੀ ਗਈ ਹੈ। ਇਸ ਲਈ ਇਹ ਖਰਚਾ ਹਾਊਸ ਤੋਂ ਕਰਵਾਉਣਾ ਜਰੂਰੀ ਹੋ ਗਿਆ। ਇਸ ਲਈ ਇਸ ਮੱਦ ਨੂੰ ਹੁਣ ਹਾਊਸ ਦੇ ਸਾਹਮਣੇ ਪੇਸ਼ ਕੀਤਾ ਗਿਆ ਹੈ।**

| **ਮਤਾ ਨੰਬਰ245 :** | **ਪ੍ਰਵਾਨ ਹੈ।** |
|---|---|

**ਏਜੰਡਾ ਨੰ: 8:**

ਰਿਪੋਰਟ ਤਹਿਬਾਜਾਰੀ ਸ਼ਾਖਾ ਕਿ ਬਠਿੰਡਾ ਸ਼ਹਿਰ ਦੀ ਹਦੂਦ ਕਾਫੀ ਜਿਆਦਾ ਵੱਧਣ ਕਾਰਨ ਤਹਿਬਾਜਾਰੀ ਸ਼ਾਖਾ ਵਿੱਚ ਲੱਗੀ ਲੇਬਰ ਘੱਟ ਪੈ ਰਹੀ ਹੈ। ਜਿਸ ਕਾਰਨ ਦੁਕਾਨਦਾਰਾਂ ਵੱਲੋਂ ਆਪਣਾ ਸਮਾਨ ਸੜ੍ਹਕਾਂ ਉਪਰ ਰੱਖਣ ਕਾਰਨ ਆਮ ਪਬਲਿਕ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਇਸ ਮੁਸ਼ਕਿਲ ਤੋਂ ਨਿਜ਼ਾਤ ਪਾਉਣ ਲਈ ਤਹਿਬਾਜਾਰੀ ਬਰਾਂਚ ਵਿੱਚ 1 ਨੰਬਰ ਸੁਪਰਵਾਇਜ਼ਰ, 1 ਨੰਬਰ ਡਰਾਈਵਰ ਅਤੇ 6 ਨੰਬਰ ਹੈਲਪਰ ਰੱਖਣ ਦਾ 13.83 ਲੱਖ ਰੁਪਏ ਦਾ ਤਖਮੀਨਾ ਡੀ.ਸੀ. ਰੇਟਾਂ ਤੇ ਆਧਾਰਿਤ ਤਿਆਰ ਕੀਤਾ ਗਿਆ ਹੈ। ਤਖਮੀਨੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ246 :** | **ਪ੍ਰਵਾਨ ਹੈ।** |
|---|---|

**ਏਜੰਡਾ ਨੰ: 9:**

ਦਫਤਰੀ ਰਿਪੋਰਟ ਕਿ ਸਰਕਾਰ ਵੱਲੋਂ ਸੀ ਅਤੇ ਡੀ ਕੈਟਾਗਰੀ ਵਾਸਤੇ ਪਾਲਿਸੀ ਜਾਰੀ ਕੀਤੀ ਗਈ ਹੈ। ਇਸ ਅਨੁਸਾਰ ਉਹ Adhoc, Contractual, Daily Wages, Work Charged and Temporary employees eligible ਹੋਣਗੇ, ਜਿੰਨ੍ਹਾ ਦੀ ਘੱਟੋ-ਘੱਟ ਲਗਾਤਾਰ 10 ਸਾਲ ਦੀ ਸੇਵਾ ਹੋਵੇ। ਪਾਲਿਸੀ ਦੀ ਕਾਪੀ ਨਾਲ ਨੱਥੀ ਕਰਕੇ ਬੇਨਤੀ ਹੈ ਕਿ ਸਰਕਾਰ ਦੀਆਂ ਸ਼ਰਤਾਂ ਅਤੇ ਹਦਾਇਤਾਂ ਅਨੁਸਾਰ ਪਾਲਿਸੀ ਹਾਊਸ ਵਿੱਚ ਅਡਾਪਟ ਕਰਨ ਦੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ।

| **ਮਤਾ ਨੰਬਰ247:** | **ਪ੍ਰਵਾਨ ਹੈ।** |
|---|---|

**ਏਜੰਡਾ ਨੰ: 10:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 3, ਬਠਿੰਡਾ ਵੱਲੋਂ ਉਹਨਾਂ ਦੇ ਪੱਤਰ ਨੰਬਰ 2439 ਮਿਤੀ 22.05.2023 ਰਾਹੀਂ ਹੇਠ ਲਿਖੇ ਅਨੁਸਾਰ ਦੋ ਤਖਮੀਨੇ ਭੇਜੇ ਗਏ ਹਨ:

| Sr.No. | Name of the Estimate | Amount (In lakhs) |
|---|---|---|
| 1. | Annual Maintenance estimate for Water Supply Scheme and Sewerage Line of Urban Estate, Phase I & II Bathinda for the year 2019-20, 2020-21, 2021-22, 2022-23 | 144.13 |
| 2. | Annual Maintenance estimate for Water Supply Scheme for Estate Phase – III (Part I & II) Bathinda for the year 2021-22, 2022-23 (July to March) | 122.71 |

ਉਕਤ ਤਖਮੀਨਿਆਂ ਦੀ ਲੜੀਵਾਰ ਲਾਗਤ 144.13 ਲੱਖ ਰੁਪਏ ਅਤੇ 122.71 ਲੱਖ ਰੁਪਏ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਗੈਰ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਇਸ ਲਈ ਤਖਮੀਨਿਆਂ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ248:** | **ਪ੍ਰਵਾਨ ਹੈ।** |
|---|---|

**ਏਜੰਡਾ ਨੰ: 11:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 2, ਬਠਿੰਡਾ ਵੱਲੋਂ ਉਹਨਾਂ ਦੇ ਪੱਤਰ ਨੰਬਰ 2117 ਮਿਤੀ 04.07.2023 ਰਾਹੀਂ Estimate for strengthening of Machinery of Existing Main Water Works of Bathinda City ਦਾ ਤਖਮੀਨਾ ਮੁਬਲਿਗ 196.10 ਲੱਖ ਰੁਪਏ ਦਾ ਭੇਜਿਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਗੈਰ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਇਸ ਲਈ ਤਖਮੀਨੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ249 :** | **ਪ੍ਰਵਾਨ ਹੈ।** |
|---|---|

**ਏਜੰਡਾ ਨੰ: 12:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਵੱਲੋਂ ਉਹਨਾਂ ਦੇ ਪੱਤਰ ਨੰਬਰ 3164 ਮਿਤੀ 04.08.2023 ਰਾਹੀਂ Providing and laying 150mm i/d, DI K-7 Pipe Rising Main from Silver Oaks Colony to Existing Manhole of 30' i/d PT Sewer on Bathinda, Bibi Wala Road at Bathinda ਸਬੰਧੀ 127.02 ਲੱਖ ਰੁਪਏ ਦਾ ਤਖਮੀਨਾ ਭੇਜਿਆ ਗਿਆ ਹੈ। ਤਖਮੀਨੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਬਲਰਾਜ ਸਿੰਘ ਪੱਕਾ, ਕੌਂਸਲਰ ਨੇ ਕਿਹਾ ਕਿ ਸ਼ਹਿਰ ਦੇ ਕਈ ਹੋਰ ਏਰੀਏ ਵੀ ਹਨ, ਜਿੰਨ੍ਹਾਂ ਵਿੱਚ ਸੀਵਰੇਜ਼ ਅਤੇ ਪਾਣੀ ਦੀਆਂ ਪਾਈਪਾਂ ਪਾਈਆਂ ਜਾਣੀਆਂ ਹਨ। ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਵੀ ਕਈ ਥਾਂਈਂ ਪਾਣੀ ਅਤੇ ਸੀਵਰੇਜ਼ ਦੀਆਂ ਪਾਈਪਾਂ ਪੈਣ ਵਾਲੀਆਂ ਹਨ। ਇਸ ਕਲੋਨੀ ਦਾ ਕੰਮ ਹੀ ਕਿਉਂ ਪਹਿਲ ਦੇ ਆਧਾਰ ਤੇ ਕੀਤਾ ਜਾ ਰਿਹਾ ਹੈ? ਕੌਂਸਲਰ ਸਾਹਿਬਾਨ ਨੇ ਮੰਗ ਕੀਤੀ ਕਿ ਇਸ ਮੱਦ ਨੂੰ ਪੈਡਿੰਗ ਰੱਖ ਲਿਆ ਜਾਵੇ।**

| ਮਤਾ ਨੰਬਰ250 : | **ਪੈਡਿੰਗ ਰੱਖਿਆ ਜਾਂਦਾ ਹੈ।** |
|---|---|

**ਏਜੰਡਾ ਨੰ: 13:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਵੱਲੋਂ ਉਹਨਾਂ ਦੇ ਪੱਤਰ ਨੰਬਰ 2933 ਮਿਤੀ 24.07.2023 ਰਾਹੀਂ Providing and laying of 16" i/d RCC NP-3 Pipe Sewer within side HDFC lining from existing sewer to Atma Singh Enclave on Bir Road at Bathinda ਸਬੰਧੀ 30.93 ਲੱਖ ਰੁਪਏ ਦਾ ਤਖਮੀਨਾ ਭੇਜਿਆ ਗਿਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਗੈਰ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਇਸ ਲਈ ਤਖਮੀਨੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| ਮਤਾ ਨੰਬਰ251: | **ਪ੍ਰਵਾਨ ਹੈ।** |
|---|---|

**ਏਜੰਡਾ ਨੰ: 14:**

ਰਿਪੋਰਟ ਲਾਇਸੰਸ ਸ਼ਾਖਾ ਕਿ ਲਾਇਸੰਸ ਸ਼ਾਖਾ ਲਈ ਹੇਠ ਲਿਖੇ ਅਨੁਸਾਰ ਸਾਲ 2023-2024 ਵਹੀਕਲਾਂ ਦੀਆਂ ਪਲੇਟਾਂ ਦੀ ਜ਼ਰੂਰਤ ਹੈ।

| ਲੜੀ ਨੰ: | ਵਹੀਕਲ ਦੀ ਕਿਸਮ | ਗਿਣਤੀ | ਪਲੇਟਾ ਦਾ ਰੰਗ |
|---|---|---|---|
| 1. | ਰਿਕਸ਼ਾ ਮਾਲਕੀ | 100 ਪਲੇਟ | ਕਾਲਾ |
| 2. | ਹੱਥ ਰੇਹੜੀ | 1000 ਪਲੇਟ | ਹਰਾ |
| 3. | ਰਿਕਸ਼ਾ ਪ੍ਰਾਈਵੇਟ | 200 ਪਲੇਟ | ਸਫੇਦ |

ਇਸ ਸਬੰਧੀ ਸਟੋਰਕੀਪਰ ਨੇ ਰਿਪੋਰਟ ਕੀਤੀ ਹੈ ਕਿ ਉਪਰੋਕਤ ਅਨੁਸਾਰ ਲਾਇਸੰਸ ਸ਼ਾਖਾ ਵੱਲੋਂ ਸਾਲ 2023-24 ਲਈ ਵਹੀਕਲਾਂ ਦੀਆਂ ਪਲੇਟਾਂ ਬਣਾਉਣ ਸਬੰਧੀ ਮੰਗ ਪ੍ਰਾਪਤ ਹੋਈ ਹੈ। ਇਹਨਾਂ ਪਲੇਟਾਂ ਦੀ ਗਿਣਤੀ ਕੁਲ 1300 ਹੈ ਕਿ ਅਲਗ-ਅਲਗ ਰੰਗ ਦੀਆਂ ਤਿਆਰ ਕੀਤੀ ਜਾਣੀ ਹੈ। ਲਾਇਸੰਸ ਪਲੇਟਾਂ ਬਣਾਉਣ ਲਈ ਮਾਰਕੀਟ ਵਿਚੋਂ ਦਸਤੀ ਕੁਟੈਸ਼ਨ ਪ੍ਰਾਪਤ ਕੀਤੀ ਗਈ ਹੈ ਜਿਸ ਅਨੁਸਾਰ 4"×6" ਐਮ.ਐਸ. ਲਾਇਸੈਂਸ ਪਲੇਟ ਸਮੇਤ ਪ੍ਰਿੰਟਿੰਗ ਤੇ ਕੁਲ 18 ਰੁਪਏ ( ਸਮੇਤ ਜੀ.ਐਸ.ਟੀ.) ਖਰਚਾ ਆਵੇਗਾ। ਇਸ ਤਰ੍ਹਾਂ ਕੁਲ 1300 ਪੀਸ @ 18 ਰੁਪਏ= 23400 ਰੁਪਏ ਸਮੇਤ ਜੀ.ਐਸ. ਟੀ. ਖਰਚ ਆਉਣ ਦੀ ਸੰਭਾਵਨਾ ਹੈ।

ਇਸਤੇ ਨਿਗਰਾਨ ਇੰਜੀਨੀਅਰ ਵੱਲੋਂ ਪੁੱਛਿਆ ਗਿਆ ਕਿ "How much tax will be collected from these people"?

ਇਸਤੇ ਲਾਇਸੰਸ ਸ਼ਾਖਾ ਵੱਲੋਂ ਹੇਠ ਲਿਖੇ ਅਨੁਸਾਰ ਰਿਪੋਰਟ ਕੀਤੀ ਗਈ:

ਸਾਲ 2022-23 ਵਿੱਚ ਜਾਰੀ ਕੀਤੀਆ ਗਈਆ ਵਹੀਕਲ ਪਲੇਟਾਂ ਦਾ ਵੇਰਵਾ:

| **ਵਹੀਕਲ** | **ਪਲੇਟਾਂ ਦੀ ਗਿਣਤੀ** | **ਪਲੇਟਾਂ ਤੋਂ ਪ੍ਰਾਪਤ ਰਕਮ** |
|---|---|---|
| ਰਿਕਸ਼ਾ ਪ੍ਰਾਈਵੇਟ | 146 | 11680 |
| ਰਿਕਸ਼ਾ ਮਾਲਕੀ | 158 | 12640 |
| ਹੱਥ-ਰੇਹੜੀ | 552 | 44160 |
| **ਕੁੱਲ** | **856** | **68480/-** |

ਇਸਤੇ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ

For collection of Rs. 68, 4801 expenses of plates only is Rs. 23,400/-. Besides this staff salary is extra. It is therefore proposed that the rehri/rickshaw wala may be exempted from this tax, for approval please. ( A survey of street vendor was carried out about 5-6 years ago, the no. identifies was about 4000/-.

| | |
|---|---|
| ਮਤਾ ਨੰਬਰ252 : | ਪੈਡਿੰਗ ਰੱਖਿਆ ਜਾਂਦਾ ਹੈ। |

**ਏਜੰਡਾ ਨੰ: 15:**

ਦਫਤਰੀ ਰਿਪੋਰਟ ਕਿ ਸ਼੍ਰੀ ਜਗਰੂਪ ਸਿੰਘ ਗਿੱਲ, ਐਮ.ਐਲ.ਏ. ਬਠਿੰਡਾ ਸ਼ਹਿਰੀ ਜੀ ਵੱਲੋਂ ਆਪਣੇ ਅੱਦ-ਸਰਕਾਰੀ ਪੱਤਰ ਨੰਬਰ 699/2023 ਮਿਤੀ 15.07.2023 ਰਾਹੀਂ ਡਿਪਟੀ ਕਮਿਸ਼ਨਰ, ਬਠਿੰਡਾ ਜੀ ਨੂੰ ਲਿਖਿਆ ਹੈ ਕਿ ਬਠਿੰਡਾ ਸ਼ਹਿਰ ਦੀ ਬਹੁਤ ਵੱਡੀ ਆਬਾਦੀ ਰੇਲਵੇ ਲਾਈਨ ਤੋਂ ਪਾਰ ਰਹਿੰਦੀ ਹੈ, ਜਿੰਨ੍ਹਾਂ ਦੇ ਸੀਵਰੇਜ਼ ਡਿਸਪੋਜ਼ਲ ਦਾ ਪਾਣੀ ਥਰਮਲ ਦੀ ਫਲਾਈ ਐਸ਼ ਵਾਲੀ ਜਗ੍ਹਾ ਪਰ ਛੱਡਿਆ ਜਾਂਦਾ ਹੈ। ਆਉਣ ਵਾਲੇ ਸਮੇਂ ਵਿੱਚ ਅਗਰ ਇਸ ਜਗ੍ਹਾ ਉਪਰ ਸਰਕਰ ਵੱਲੋਂ ਕੋਈ ਪ੍ਰੋਜੈਕਟ ਬਣਾਇਆ ਜਾਂਦਾ ਹੈ ਤਾਂ ਉਕਤ ਸੀਵਰੇਜ਼ ਡਿਸਪੋਜ਼ਲ ਲਈ ਕੋਈ ਜਗ੍ਹਾ ਨਹੀਂ ਹੈ। ਜਿਸ ਕਾਰਨ ਬਹੁਤ ਵੱਡੀ ਸਮੱਸਿਆ ਪੈਦਾ ਹੋ ਸਕਦੀ ਹੈ। ਸੋ, ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ, ਉਕਤ ਥਰਮਲ ਦੀ ਜਗ੍ਹਾ ਵਿੱਚੋਂ ਲੋੜ੍ਹ ਅਨੁਸਾਰ ਜਗ੍ਹਾ ਲੀਜ਼ ਉਪਰ ਜਾਂ ਮੁੱਲ ਖਰੀਦ ਕੇ ਡਿਸਪੋਜ਼ਲ ਦੇ ਪਾਣੀ ਲਈ ਪੱਕਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਤਾਂ ਕੋਈ ਬਦਲਵੀਂ ਜਮੀਨ ਦਾ ਪ੍ਰਬੰਧ ਹੁਣੇ ਤੋਂ ਕੀਤਾ ਜਾਵੇ ਤਾਂ ਜੋ ਰੇਲਵੇ ਲਾਈਨ ਤੋਂ ਪਾਰ ਦੀ ਆਬਾਦੀ ਨੂੰ ਆਉਣ ਵਾਲੇ ਸਮੇਂ ਵਿੱਚ ਇਸ ਸਬੰਧੀ ਕੋਈ ਮੁਸ਼ਕਿਲ ਨਾ ਆਵੇ।

ਉਕਤ ਸਬੰਧੀ ਦਸਿਆ ਜਾਂਦਾ ਹੈ ਕਿ ਉਕਤ ਇਲਾਕੇ ਦੇ ਸੀਵਰ ਦੀ ਨਿਕਾਸੀ ਕੈਨਾਲ ਕਲੋਨੀ ਡਿਸਪੋਜ਼ਲ ਰਾਹੀਂ ਹੁੰਦੀ ਹੈ। ਪਰਸ ਰਾਮ ਨਗਰ ਅਤੇ ਆਲਮ ਬਸਤੀ ਦਾ ਇਲਾਕਾ ਕਾਫੀ ਨੀਵਾਂ ਹੈ। ਇੰਨ੍ਹਾਂ ਇਲਾਕਿਆਂ ਵਿੱਚ ਬਰਸਾਤਾਂ ਵਿੱਚ ਪਾਣੀ ਭਰ ਜਾਂਦਾ ਹੈ ਅਤੇ ਨਾਲ ਲੱਗਦੇ ਉੱਚੇ ਇਲਾਕਿਆਂ ਦਾ ਪਾਣੀ ਵੀ ਰੁੜ੍ਹ ਕੇ ਇਸ ਜਗ੍ਹਾ ਇੱਕਠਾ ਹੁੰਦਾ ਹੈ। ਇਸ ਬਰਸਾਤੀ ਪਾਣੀ ਦੀ ਨਿਕਾਸੀ ਲਈ ਡਿਸਪੋਜ਼ਲ ਰਾਹੀਂ PSPCL ਅਧੀਨ ਆਉਂਦੇ ਥਰਮਲ ਪਾਵਰ ਪਲਾਂਟ ਦੀ ਫਲਾਈ ਐਸ਼ ਵਾਲੀ ਜਗ੍ਹਾ ਉਪਰ ਕੀਤੀ ਜਾਂਦੀ ਹੈ। ਕਿਉਂਕਿ ਗੁਰੂ ਨਾਨਕ ਦੇਵ ਥਰਮਲ ਪਾਵਰ ਪਲਾਂਟ ਹੁਣ ਬੰਦ ਹੋ ਚੁੱਕਾ ਹੈ। ਭੱਵਿਖ ਵਿੱਚ ਸਰਕਾਰ ਵੱਲੋਂ ਇਸ ਜਗ੍ਹਾ ਉਪਰ ਕੋਈ ਵੀ ਨਵੀਂ ਉਸਾਰੀ/ ਡਿਵੈਲਪਮੈਂਟ ਦਾ ਕੰਮ ਆਰੰਭਿਆ ਜਾ ਸਕਦਾ ਹੈ। ਇਸ ਜਗ੍ਹਾ ਦੇ ਡਿਵੈਲਪਮੈਂਟ ਹੋਣ ਤੇ ਪਰਸ ਰਾਮ ਨਗਰ, ਆਲਮ ਬਸਤੀ ਆਦਿ ਦੇ ਨੀਵੇਂ ਇਲਾਕਿਆਂ ਦੇ ਬਰਸਾਤੀ ਪਾਣੀ ਦੀ ਨਿਕਾਸੀ ਬੰਦ ਹੋ ਜਾਵੇਗੀ ਅਤੇ ਲਾਈਨੋ ਪਾਰ ਦੇ ਇੰਨ੍ਹਾਂ ਨੀਵੇਂ ਇਲਾਕਿਆਂ ਦਾ ਬਰਸਾਤਾਂ ਦੋਰਾ ਡੋਬਣ ਦਾ ਖਤਰਾ ਪੈਦਾ ਹੋ ਜਾਵੇਗਾ। ਇਸ ਲਈ ਯੋਗ ਹੋਵੇਗਾ ਕਿ ਬਰਸਾਤਾਂ ਦੋਰਾਨ ਪਾਣੀ ਦੀ ਨਿਕਾਸੀ ਨੂੰ ਮੁੱਖ ਰੱਖਦੇ ਹੋਏ PSPCL ਅਧੀਨ ਆਉਂਦੇ ਥਰਮਲ ਪਾਵਰ ਪਲਾਂਟ ਦੀ ਫਲਾਈ ਐਸ਼ ਵਾਲੀ ਜਗ੍ਹਾ ਤੇ 10 ਏਕੜ੍ਹ ਜਗ੍ਹਾ ਨੂੰ ਲੈ ਕੇ ਛੱਪੜ ਬਣਾ ਲਿਆ ਜਾਵੇ, ਜਿਸ ਵਿੱਚ ਨੀਵੇਂ ਇਲਾਕਿਆਂ ਦੇ ਬਰਸਾਤੀ ਪਾਣੀ ਨੂੰ ਪੰਪ ਆਊਟ ਕੀਤਾ ਜਾ ਸਕੇ ਅਤੇ ਭੱਵਿਖ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਵਿੱਚ ਕੋਈ ਦਿੱਕਤ ਨਾ ਆਵੇ।

ਉਕਤ ਅਨੁਸਾਰ ਰਿਪੋਰਟ ਵਾਚਣ, PSPCL ਪਾਸੋਂ ਜਗ੍ਹਾ ਲੀਜ਼ ਤੇ ਲੈਣ ਲਈ ਅਤੇ ਪ੍ਰਸ਼ਾਸਕੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਮਾਨਯੋਗ ਐਮਐਲ.ਏ ਸਾਹਿਬ ਜੀ ਦਾ ਸੁਝਾਅ ਵਧੀਆ ਹੈ। ਪਰ ਇਸ ਸਬੰਧੀ ਮਾਨਯੋਗ ਐਮ.ਐਲ.ਏ ਸਾਹਿਬ ਜੀ ਵੱਲੋਂ ਸਰਕਾਰ ਪਾਸੋਂ ਗਰਾਂਟ ਲਿਆਂਦੀ ਜਾਵੇ। ਸ਼੍ਰੀ ਰਹਮੰਦਰ ਸਿੰਘ ਡਿਪਟੀ ਮੇਅਰ ਨੇ ਕਿਹਾ ਕਿ ਇਸ ਕੰਮ ਲਈ 10 ਏਕੜ੍ਹ ਜਗ੍ਹਾ ਵੀ ਘੱਟ ਹੈ। ਲਾਇਨੋਪਾਰ ਤਕਰੀਬਨ ਇੱਕ ਲੱਖ ਦੀ ਆਬਾਦੀ ਨੂੰ ਦੇਖਦੇ ਹੋਏ ਜਗ੍ਹਾ ਲੀਜ਼ ਤੇ ਨਾ ਲੈ ਕੇ ਸਰਕਾਰ ਪਾਸੋਂ ਗਰਾਂਟ ਪ੍ਰਾਪਤ ਕਰਕੇ ਘੱਟੋ-ਘੱਟ 50 ਏਜੜ੍ਹ ਜਗ੍ਹਾ ਮੁੱਲ ਲਈ ਜਾਵੇ। ਉਹਨਾਂ ਇਸ ਸਬੰਧੀ ਜਗ੍ਹਾ ਮੁੱਲ ਲੈਣ ਜਾਂ ਲੀਜ਼ ਤੇ ਲੈਣ ਸਬੰਧੀ ਵਿਚਾਰ ਕਰਨ ਖਾਤਰ ਦੁਬਾਰਾ ਤੋਂ ਮਤਾ ਲਿਆਉਣ ਦੀ ਮੰਗ ਕੀਤੀ।**

| | |
|---|---|
| ਮਤਾ ਨੰਬਰ253: | ਪੈਡਿੰਗ ਰੱਖਿਆ ਜਾਂਦਾ ਹੈ। |

## ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡਾ ਤੇ ਵਿਚਾਰ ਕੀਤਾ ਗਿਆ:

**ਏਜੰਡਾ ਨੰ: 1:**

ਰਿਪੋਰਟ ਬਿਲਡਿੰਗ ਸ਼ਾਖਾ ਕਿ ਜੀ.ਟੀ. ਰੋਡ ਬਠਿੰਡਾ, ਗਣੇਸ਼ ਨਗਰ ਚੰਡੀਗੜ੍ਹ ਹਸਪਤਾਲ ਦੇ ਨਾਲ ਲਗਦੀ ਸਾਈਟ ਨਗਰ ਨਿਗਮ ਬਠਿੰਡਾ ਦੀ ਪ੍ਰਵਾਨ ਸ਼ੁਦਾ ਟਾਊਨ ਪਲੈਨਿੰਗ ਦੀ ਸਕੀਮ 2 ਪਾਰਟ 1, ਖਸਰਾ ਨੰਬਰ 2041 ਵਿੱਚ ਪੈਂਦੀ ਹੈ ਅਤੇ ਸਰਕਾਰ ਵੱਲੋਂ ਇਸ ਸਕੀਮ ਨੂੰ ਪੱਤਰ ਨੰਬਰ PB/GOVT Vide Letter No. 4/2/67-LG-111/890 ਮਿਤੀ 20.09.1988 ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਉਕਤ ਸਾਈਟ ਨੂੰ ਐਗਜਿਸਟਿੰਗ ਗਲੀ/ਗਲੀਆਂ ਅਨੁਸਾਰ ਅਮੈਂਡਮੈਂਟ ਕਰਨ ਲਈ ਨਗਰ ਨਿਗਮ ਬਠਿੰਡਾ ਵੱਲੋਂ ਮਤਾ ਨੰਬਰ 236 ਮਿਤੀ 07.07.2023 ਰਾਹੀਂ ਪ੍ਰਵਾਨਗੀ ਦਿੱਤੀ ਗਈ ਹੈ। ਇਸ ਮਤੇ ਤੇ ਸਥਾਨਕ ਸਰਕਾਰ ਵਿਭਾਗ ਵੱਲੋਂ ਪੱਤਰ ਨੰਬਰ ਸ5-ਡਸਸ-ਮਸਸ-2023/43494 ਮਿਤੀ 10.08.2023 ਰਾਹੀਂ ਮੰਨਜ਼ੂਰੀ ਦੇਣ ਤੋਂ ਪਹਿਲਾਂ ਆਮ ਜਨਤਾ ਪਾਸੋਂ ਇਤਰਾਜ਼ ਵਾ ਸੁਝਾਅ

ਮੰਗਣ ਸਬੰਧੀ ਪਬਲਿਕ ਨੋਟਿਸ ਦੋ ਅਖਬਾਰਾਂ (ਦੈਨਿਕ ਜਾਗਰਣ ਅਤੇ ਜਗਬਾਣੀ) ਵਿੱਚ ਪ੍ਰਕਾਸ਼ਿਤ ਕਰਵਾਏ ਗਏ। ਮਿਤੀ 15.08.2023 ਨੂੰ ਦੈਨਿਕ ਜਾਗਰਣ ਅਤੇ ਜਗਬਾਣੀ ਅਖਬਾਰ ਵਿੱਚ ਪਬਲਿਕ ਨੋਟਿਸ ਪ੍ਰਕਾਸ਼ਿਤ ਕਰਵਾ ਕਿ ਆਮ ਜਨਤਾ ਪਾਸੋਂ ਮਿਤੀ 31.08.2023 ਤੱਕ ਇਤਰਾਜ਼/ਸੁਝਾਅ ਮੰਗੇ ਗਏ ਸਨ। ਇੰਨ੍ਹਾਂ ਤੇ ਨਿਗਮ ਦਫਤਰ ਵਿਖੇ ਕੋਈ ਇਤਰਾਜ਼/ਸੁਝਾਅ ਪ੍ਰਾਪਤ ਨਹੀਂ ਹੋਇਆ ਹੈ। ਉਕਤ ਟੀ.ਪੀ. ਸਕੀਮ 2 ਪਾਰਟ 1 ਦੀ ਸੋਧ ਸਬੰਧੀ ਨੋਟੀਫਿਕੇਸ਼ਨ ਕਰਨ ਲਈ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

**ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਅਜਿਹਾ ਕੇਸ 3 ਪਾਰਟ 1 ਸਕੀਮ ਦਾ ਵੀ ਹੈ। ਇਸ ਲਈ ਇਸਨੂੰ ਪੈਡਿੰਗ ਰੱਖਦੇ ਹੋਏ 3 ਪਾਰਟ 1 ਸਕੀਮ ਦਾ ਕੇਸ ਵੀ ਇਸ ਕੇਸ ਨਾਲ ਪਾਸ ਕਰਕੇ ਸਰਕਾਰ ਪਾਸ ਨੋਟੀਫਿਕੇਸ਼ਨ ਲਈ ਭੇਜਿਆ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਸ ਜਗ੍ਹਾ ਦਾ ਸਰਵੇ ਕਰਵਾਇਆ ਜਾ ਚੁੱਕਾ ਹੈ। 3 ਪਾਰਟ 1 ਸਕੀਮ ਦਾ ਸਰਵੇ ਹੋਣਾ ਬਾਕੀ ਹੈ। ਇਸ ਵਿੱਚ ਕਾਫੀ ਸਮਾਂ ਲੱਗ ਸਕਦਾ ਹੈ। ਇਸ ਲਈ ਯੋਗ ਹੋਵੇਗਾ ਕਿ ਇਸਨੂੰ ਪਾਸ ਕਰਕੇ ਸਰਕਾਰ ਪਾਸ ਨੋਟੀਫਿਕੇਸ਼ਨ ਲਈ ਭੇਜ ਦਿੱਤਾ ਜਾਵੇ ਅਤੇ ਇਸ ਉਪਰੰਤ 3 ਪਾਰਟ 1 ਸਕੀਮ ਦਾ ਵੀ ਸਰਵੇ ਕਰਵਾ ਕਿ ਅਤੇ ਲੋਕਾਂ ਦੇ ਇਤਰਾਜ਼ ਲੈਣ ਉਪਰੰਤ ਰਿਪੋਰਟ ਪੇਸ਼ ਕੀਤੀ ਜਾਵੇ ਤਾਂ ਜੋ ਉਸਤੇ ਵਿਚਾਰ ਕਰਦੇ ਹੋਏ ਫੈਸਲਾ ਲਿਆ ਜਾ ਸਕੇ।**

| | |
|---|---|
| ਮਤਾ ਨੰਬਰ254: | ਪ੍ਰਵਾਨ ਹੈ। |

**ਏਜੰਡਾ ਨੰ: 2:**

ਰਿਪੋਰਟ ਵਰਕਸ ਸ਼ਾਖਾ ਕਿ ਮਿਤੀ 30.08.2023 ਨੂੰ ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਵੱਲੋਂ ਆਮ ਆਦਮੀ ਕਲੀਨਿਕ ਸਬੰਧੀ ਹੋਈ ਮੀਟਿੰਗ ਵਿੱਚ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੱਲਾ ਰਾਮ ਨਗਰ ਗਲੀ ਨੰਬਰ 10/25 ਵਿਖੇ ਸਥਿਤ ਪਾਰਕ ਵਿੱਚ ਮੌਜੂਦਾ ਬਣੇ ਹਾਲ ਅਤੇ ਟੁਆਇਲਟ ਬਲਾਕ ਦੀ ਕੁੱਝ Extension ਕਰਨ ਉਪਰੰਤ ਇਸ ਹਾਲ ਵਿੱਚ ਆਮ ਆਦਮੀ ਕਲੀਨਿਕ ਖੋਲਿਆ ਜਾਣਾ ਹੈ। ਉਕਤ ਕੰਮ ਕਰਨ ਖਾਤਰ ਆਉਣ ਵਾਲੇ ਖਰਚੇ ਦੀ ਅਦਾਇਗੀ ਸਿਹਤ ਵਿਭਾਗ ਵੱਲੋਂ ਹੀ ਕੀਤੀ ਜਾਵੇਗੀ। ਕਿਉਂ ਜੋ ਇਹ ਜਗ੍ਹਾ ਨਗਰ ਨਿਗਮ ਦੀ ਮਾਲਕੀ ਹੈ, ਤਾਂ ਇਸ ਦੀ ਵਰਤੋਂ ਵਿੱਚ ਤਬਦੀਲੀ ਕਰਨ ਲਈ ਨਿਗਮ ਹਾਊਸ ਦੀ ਮੰਨਜ਼ੂਰੀ ਲੋੜੀਂਦੀ ਹੈ। ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ255: | ਪ੍ਰਵਾਨ ਹੈ। |

**ਏਜੰਡਾ ਨੰ: 3:**

ਰਿਪੋਰਟ ਦਫਤਰ ਅਤੇ ਵਰਕਸ ਸ਼ਾਖਾ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਅਤੇ ਹੋਰ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Name of Work | Estimate (in lac) |
|---|---|---|
| 1 | Estimate for providing maintenance, repair of damaged Traffic Lights equipments and operation of various junctions within municipal limits of Bathinda for a period of 2 years. | 25.75 |

ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ256: | ਪ੍ਰਵਾਨ ਹੈ। |

**ਏਜੰਡਾ ਨੰ: 4:**

**ਦਫਤਰੀ ਰਿਪੋਰਟ ਕਿ ਮਿਤੀ 05.09.2023 ਨੂੰ ਦੁਪਹਿਰ 2.30 ਵਜੇ ਕਰਮਚਾਰੀਆਂ ਨਾਲ ਸਬੰਧਤ ਸਬ-ਕਮੇਟੀ ਦੀ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰ ਸਾਹਿਬਾਨ ਹਾਜ਼ਰ ਆਏ:**

1. **ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ**
2. **ਸ਼੍ਰੀਮਤੀ ਸੰਤੋਸ਼ ਮਹੰਤ, ਕੌਂਸਲਰ**
3. **ਸ਼੍ਰੀ ਵਿਕਰਮ ਕ੍ਰਾਂਤੀ, ਕੌਂਸਲਰ**
4. **ਸ਼੍ਰੀ ਅਸ਼ੇਸ਼ਰ ਪਾਸਵਾਨ, ਕੌਂਸਲਰ**

**ਮੀਟਿੰਗ ਵਿੱਚ ਕਰਮਚਾਰੀਆਂ ਨਾਲ ਸਬੰਧਤ ਹੇਠ ਲਿਖੇ ਅਨੁਸਾਰ ਸਬ-ਕਮੇਟੀ ਵੱਲੋਂ ਫੈਸਲੇ ਲਏ ਗਏ:**

1 :

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀ ਜੋਗਿੰਦਰ ਕੁਮਾਰ ਪੁੱਤਰ ਸ਼੍ਰੀ ਸੋਹਣ ਲਾਲ ਸੀਵਰਮੈਨ ਸਲਾਨਾ ਸੀਵਰੇਜ਼ ਸਕੀਮ ਬਠਿੰਡਾ ਦੇ ਵਿਰੁੱਧ ਕੰਮ ਕਰਦਾ ਸੀ, ਜਿਸਦੀ ਮੋਤ ਮਿਤੀ 21.09.2022 ਨੂੰ ਨੋਕਰੀ ਦੇ ਦੋਰਾਨ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਤੁਸ਼ਾਲ ਕੁਮਾਰ ਪੁੱਤਰ ਸ਼੍ਰੀ ਜੋਗਿੰਦਰ ਕੁਮਾਰ ਵੱਲੋਂ ਆਪਣੇ ਪਿਤਾ ਦੀ ਜਗ੍ਹਾ ਤੇ ਤਰਸ ਦੇ ਆਧਾਰ ਤੇ ਨੋਕਰੀ ਲੱਗਣ ਲਈ ਸੀਵਰੇਜ਼ ਬੋਰਡ ਵਿਖੇ ਬਿਨੈ ਪੱਤਰ ਦਿੱਤਾ ਹੈ। ਬਿਨੈਕਾਰ ਨੇ ਪ੍ਰਾਥਨਾ ਪੱਤਰ ਅਨੁਸਾਰ ਸੱਤਵੀਂ ਪਾਸ ਹੈ। ਦਿੱਤੇ ਗਏ ਦਸਤਾਵੇਜ਼ ਅਨੁਸਾਰ ਉਸਦੀ ਜਨਮ ਮਿਤੀ 19.10.2001 ਹੈ। ਮ੍ਰਿਤਕ ਕਰਮਚਾਰੀ ਸੀਵਰੇਜ਼ ਬੋਰਡ ਦਾ ਕਰਮਚਾਰੀ ਸੀ। ਉਸਨੂੰ ਸੀਵਰੇਜ਼ ਬੋਰਡ ਵੱਲੋਂ ਭਰਤੀ ਕੀਤਾ ਗਿਆ ਸੀ। ਮ੍ਰਿਤਕ ਦੇ ਵਾਰਸ ਨੂੰ ਨੋਕਰੀ ਸੀਵਰੇਜ਼ ਬੋਰਡ ਵੱਲੋਂ ਦਿੱਤੀ ਜਾਣੀ ਹੈ, ਜਿਸਦੀ ਤਨਖਾਹ ਦਾ ਸਾਰਾ ਖਰਚਾ ਸੀਵਰੇਜ਼ ਸਕੀਮ ਨੂੰ ਪੈਣਾ ਹੈ। ਇਸਦੀ ਅਦਾਇਗੀ ਨਗਰ ਨਿਗਮ ਬਠਿੰਡਾ ਵੱਲੋਂ ਕੀਤੀ ਜਾਣੀ ਹੈ। ਕਾਰਜਕਾਰੀ ਇੰਜੀਨੀਅਰ ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1 ਬਠਿੰਡਾ ਨੇ ਆਪਣੇ ਪੱਤਰ ਨੰਬਰ 1414 ਮਿਤੀ 29.03.2023 ਰਾਹੀਂ ਸ਼੍ਰੀ ਜੋਗਿੰਦਰ ਕੁਮਾਰ ਪੁੱਤਰ ਸ਼੍ਰੀ ਸੋਹਣ ਲਾਲ ਸੀਵਰਮੈਨ ਦੇ ਵਾਰਸ ਸ਼੍ਰੀ ਤੁਸ਼ਾਲ ਕੁਮਾਰ (ਲੜਕਾ) ਨੂੰ ਸਲਾਨਾ ਦੇਖਭਾਲ ਸੀਵਰੇਜ਼ ਸਕੀਮ ਬਠਿੰਡਾ ਦੇ ਵਿਰੁੱਧ ਮ੍ਰਿਤਕ ਦੀ ਖਾਲੀ ਹੋਈ ਪੋਸਟ ਤੇ ਬਤੋਰ ਸੀਵਰਮੈਨ ਰੱਖਣ ਲਈ ਸਹਿਮਤੀ ਦੇਣ ਦੀ ਮੰਗ ਕੀਤੀ ਹੈ। ਸੋ ਮ੍ਰਿਤਕ ਦੇ ਵਾਰਸ ਨੂੰ ਨੋਕਰੀ ਤੇ ਰੱਖਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਦਫਤਰੀ ਰਿਪੋਰਟ ਅਤੇ ਸਰਕਾਰ ਦੇ ਨਿਯਮਾਂ/ ਹਦਾਇਤਾਂ ਅਨੁਸਾਰ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

2 :

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਸ਼੍ਰੀ ਬੀਰੂ, ਸੀਵਰਮੈਂਨ ਪੁੱਤਰ ਸ਼੍ਰੀ ਰੇਵੜੀਆ ਰਾਮ ਜੋ ਕਿ ਨਗਰ ਨਿਗਮ, ਬਠਿੰਡਾ ਅਧੀਨ ਸਲਾਨਾ ਦੇਖਭਾਲ ਸੀਵਰੇਜ ਸਕੀਮ ਬਠਿੰਡਾ ਦੇ ਵਿਰੁੱਧ ਰੈਗੂਲਰ ਫੀਲਡ ਕਰਮਚਾਰੀ ਵਜੋਂ ਕੰਮ ਕਰਦਾ ਸੀ। ਇਸ ਕਰਮਚਾਰੀ ਦੀ ਮਿਤੀ 15.12.2022 ਨੂੰ ਨੌਕਰੀ ਦੇ ਦੌਰਾਨ ਮੌਤ ਹੋ ਚੁੱਕੀ ਹੈ। ਮ੍ਰਿਤ ਕਕਰਮਚਾਰੀ ਦੀ ਪਤਨੀ ਸ਼੍ਰੀਮਤੀ ਵੀਰਪਾਲ ਕੌਰ ਵਲੋਂ ਦਿੱਤੇ ਗਏ ਬਿਆਨ ਹਲਫੀਆਂ ਅਤੇ ਤਹਿਸੀਲਦਾਰ ਬਠਿੰਡਾ ਦੀ ਰਿਪੋਰਟ ਅਨੁਸਾਰ ਮ੍ਰਿਤਕ ਦੇ ਪਰਿਵਾਰ ਦੇ ਹੇਠ ਦਰਸਾਏ ਵਾਰਸ ਮੈਂਬਰ ਹਨ:-

| ਲੜੀ ਨੰ. | ਨਾਮ | ਮ੍ਰਿਤਕ ਨਾਲ ਰਿਸਤਾ | ਜਨਮ ਮਿਤੀ / ਉਮਰ | ਵਿਆਹੁਤਾ/ਕੁਆਰਾ |
|---|---|---|---|---|
| 1. | ਵੀਰਪਾਲ ਕੌਰ | ਪਤਨੀ | 41 ਸਾਲ | ਵਿਧਵਾ |
| 2. | ਮਮਤਾ ਰਾਣੀ | ਪੁੱਤਰੀ | 01.04.1998 | ਸ਼ਾਦੀਸੁਦਾ |
| 3. | ਸਾਗਰ | ਪੁੱਤਰ | 30.07.1999 | ਕੁਆਰਾ |
| 4. | ਚੀਨਾ | ਪੁੱਤਰੀ | 22.05.2002 | ਸ਼ਾਦੀਸੁਦਾ |
| 5. | ਸਾਹਿਲ | ਪੁੱਤਰ | 20 ਸਾਲ | ਕੁਆਰਾ |
| 6. | ਪਾਇਲ | ਪੁੱਤਰੀ | 15 ਸਾਲ | ਨਾਬਾਲਿਗ |

ਮ੍ਰਿਤਕ ਦੇ ਪਰਿਵਾਰਿਕ ਮੈਂਬਰ ਵਿੱਚੋ ਲੜੀ ਨੰ. 3 ਤੇ ਦਰਜ਼ ਸ਼੍ਰੀ ਸਾਗਰ ਪੁੱਤਰ ਮ੍ਰਿਤਕ ਸ਼੍ਰੀ ਬੀਰੂ ਵਲੋਂ ਆਪਣੇ ਪਿਤਾ ਦੀ ਜਗ੍ਹਾਂ ਤੇ ਤਰਸ ਦੇ ਅਧਾਰ ਤੇ ਨੌਕਰੀ ਤੇ ਲੱਗਣ ਸਬੰਧੀ ਬਿਨੈ ਪੱਤਰ ਮਿਤੀ 20.03.2023 ਨੂੰ ਦਿੱਤਾ ਗਿਆ ਹੈ। ਲੜੀ ਨੰ.1, 2, 4, 5 ਅਤੇ 6 ਤੇ ਦਰਜ ਪਰਿਵਾਰਿਕ ਮੈਬਰਾਂ ਵਲੋਂ ਇਸ ਸਬੰਧੀ ਕੋਈ ਇਤਰਾਜ਼ ਨਾ ਹੋਣ ਸਬੰਧੀ ਬਿਆਨ ਹਲਫੀਆਂ ਦਿੱਤੇ ਗਏ ਹਨ, ਜੋ ਕਿ ਜਿਲ੍ਹਾ ਮੈਜੀਸਟਰੇਟ ਬਠਿੰਡਾ ਵਲੋਂ ਤਸਦੀਕ ਕੀਤੇ ਗਏ ਹਨ। ਬਿਨੈਕਾਰ ਵਲੋਂ ਦਿੱਤੇ ਗਏ ਯੋਗਤਾ ਦੇ ਸਰਟੀਫਿਕੇਟ ਮੁਤਾਬਿਕ ਸਕੂਲ ਸਿੱਖਿਆ ਬੋਰਡ ਪੰਜਾਬ ਤੋਂ ਪੰਜਵੀ ਸ਼੍ਰੇਣੀ ਪ੍ਰੀਖਿਆ ਪਾਸ ਹੈ ਅਤੇ ਬਿਨੈਕਾਰ ਦੀ ਜਨਮ ਮਿਤੀ 30.07.1999 ਹੈ । ਸ਼੍ਰੀ ਸਾਗਰ ਪੁੱਤਰ ਮ੍ਰਿਤਕ ਸ਼੍ਰੀ ਬੀਰੂ ਦੇ ਦਿੱਤੇ ਗਏ ਹਲਫੀਆ ਬਿਆਨ ਅਨੁਸਾਰ ਉਨ੍ਹਾਂ ਪਾਸ ਅਚੱਲ - ਚੱਲ ਸੰਪੱਤੀ ਨਹੀ ਹੈ। ਮ੍ਰਿਤਕ ਕਰਮਚਾਰੀ ਸੀਵਰੇਜ਼ ਬੋਰਡ ਦਾ ਕਰਮਚਾਰੀ ਸੀ। ਉਸਨੂੰ ਸੀਵਰੇਜ਼ ਬੋਰਡ ਵਲੋਂ ਭਰਤੀ ਕੀਤਾ ਗਿਆ ਸੀ। ਮ੍ਰਿਤਕ ਦੇ ਵਾਰਸ ਨੂੰ ਨੌਕਰੀ ਸੀਵਰੇਜ਼ ਬੋਰਡ ਵਲੋਂ ਦਿੱਤੀ ਜਾਣੀ ਹੈ। ਜਿਸਦੀ ਤਨਖਾਹ ਦਾ ਸਾਰਾ ਖਰਚਾ ਸੀਵਰੇਜ਼ ਸਕੀਮ ਨੂੰ ਪੈਂਣਾ ਹੈ। ਇਸਦੀ ਅਦਾਇਗੀ ਨਗਰ ਨਿਗਮ ਬਠਿੰਡਾ ਵਲੋਂ ਕੀਤੀ ਜਾਣੀ ਹੈ। ਕਾਰਜਕਾਰੀ ਇੰਜੀਨੀਅਰ ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲਨੰ: 1, ਬਠਿੰਡਾ ਨੇ

ਆਪਣੇ ਪੱਤਰ ਨੰ: 1610 ਮਿਤੀ 20.04.2023 ਰਾਹੀ ਮ੍ਰਿਤਕ ਸ਼੍ਰੀ ਬੀਰੂ, ਸੀਵਰਮੈਨ ਪੁੱਤਰ ਸ਼੍ਰੀ ਰੇਵੜੀਆ ਰਾਮ ਦੇ ਵਾਰਸ ਨੂੰ ਸਲਾਨਾ ਦੇਖਭਾਲ ਸੀਵਰੇਜ਼ ਸਕੀਮ ਬਠਿੰਡਾ ਦੇ ਵਿਰੁੱਧ ਮ੍ਰਿਤਕ ਦਾ ਖਾਲੀ ਹੋਈ ਪੋਸਟ ਦੇਬਤੌਰ ਸੀਵਰਮੈਨ ਅਧਾਰ ਤੇ ਰੱਖਣ ਲਈ ਸਹਿਮਤੀ ਦੇਣ ਦੀ ਮੰਗ ਕੀਤੀ ਹੈ। ਸੋ ਮ੍ਰਿਤਕ ਦੇ ਵਾਰਸ ਨੂੰ ਨੌਕਰੀ ਤੇ ਰੱਖਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਦਫਤਰੀ ਰਿਪੋਰਟ ਅਤੇ ਸਰਕਾਰ ਦੇ ਨਿਯਮਾਂ/ ਹਦਾਇਤਾਂ ਅਨੁਸਾਰ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

3 :

ਰਿਪੋਰਟ ਸਿਹਤ ਸ਼ਾਖਾ ਕਿ ਸਵ :ਪ੍ਰਤਾਪ ਪੁੱਤਰ ਤਾਰਾ ਚੰਦ ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ। ਜਿਸ ਦੀ ਮੌਤ ਮਿਤੀ ਨੂੰ ਹੋਈ ਸੀ। ਮਿਤ੍ਰਕ ਕਰਮਚਾਰੀ ਦੀ ਪਤਨੀ 23.08.2022 ਪ੍ਰਤਾਪ :ਸ਼੍ਰੀਮਤੀ ਬੇਬੀਪਤਨੀ ਸਵ ਨੇ ਦਰਖਾਸਤ ਰਾਂਹੀ ਬੇਨਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਸਰ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀਮਤੀ ਬੇਬੀ ਪਤਨੀ ਪ੍ਰਤਾਪ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਦੇ ਤਿੰਨ ਪੁੱਤਰ ਅਤੇ ਇੱਕ ਪੁੱਤਰੀ ਹੈ। ਜਿਹਨਾਂ ਵੱਲੋਂ ਇਤਰਾਜ਼ਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀਮਤੀ ਬੇਬੀ ਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀਮਤੀ ਬੇਬੀ ਅਤੇ ਉਸਦਾ ਪੂਰਾ ਪਰਿਵਾਰ ਆਪਣੇ ਪਤੀ ਤੇ ਨਿਰਭਰ ਸੀ। ਹਲਫੀਆ ਬਿਆਨ ਅਨੁਸਾਰ ਸ਼੍ਰੀਮਤੀ ਬੇਬੀ ਬੇਰੁਜ਼ਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਹਨਾਂ ਦੇ ਘਰ ਦਾ ਗੁਜਾਰਾ ਬਹੁਤ ਮੁਸ਼ਕਿਲ ਨਾਲ ਚੱਲਦਾ ਹੈ। ਹਲਫੀਆ ਬਿਆਨ ਅਨੁਸਾਰ ਇਹਨਾਂ ਦੇ ਘਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ-ਨੌਕਰੀ ਨਹੀਂਕਰਦਾ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਇਸਦੀ ਜਨਮ ਮਿਤੀ 01.01.1977 ਹੈ ਅਤੇ ਸ਼੍ਰੀਮਤੀ ਬੇਬੀ ਪੜ੍ਹਣਾ ਲਿਖਣਾ ਜਾਣਦੀ ਹੈ। **ਇੱਥੇ ਇਹ ਦੱਸਣਯੋਗ ਹੈ ਕਿ ਸ਼੍ਰੀਮਤੀ ਬੇਬੀ ਵੱਲੋਂ ਨੌਕਰੀ ਸਬੰਧੀ ਦਿੱਤੀ ਦਰਖਾਸਤ ਤੇਸਬ ਕਮੇਟੀ ਦਾ ਫੈਸਲੇ ਅਨੁਸਾਰ ਪਰਿਵਾਰਿਕ ਮੈਂਬਰਾਂ ਦੀ ਗਿਣਤੀ ਮੌਜੂਦ ਦਸਤਾਵੇਜਾਂ ਨਾਲ ਮੇਲ ਨਾ ਹੋਣ ਕਰਕੇ ਦਰਖਾਸਤ ਨੂੰ ਪੈਡਿੰਗ ਰੱਖਿਆ ਗਿਆ ਸੀ। ਹੁਣ ਪਰਿਵਾਰਿਕ ਮੈਂਬਰਾਂ ਦੀ ਗਿਣਤੀ ਪੂਰੀ ਕਰਕੇ ਕੇਸ ਨੂੰ ਦੁਆਰਾ ਪੇਸ਼ ਕੀਤਾ ਜਾ ਰਿਹਾ ਹੈ।**

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ਼ 1984 ਅਨੁਸਾਰ ਸਫਾਈ ਸੇਵਕ ਆਸਾਮੀ ਲਈ ਵਿੱਦਿਅਕ ਯੋਗਤਾ ਪੜ੍ਹਣਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਪੱਤਰ ਨੰ: 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ । ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਬੇਬੀ ਨੂੰ ਉਸਦੇ ਪਤੀ ਸਵ: ਪ੍ਰਤਾਪ ਪੁੱਤਰ ਤਾਰਾ ਚੰਦ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਿਕਾ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਦਫਤਰੀ ਰਿਪੋਰਟ ਅਤੇ ਸਰਕਾਰ ਦੇ ਨਿਯਮਾਂ/ ਹਦਾਇਤਾਂ ਅਨੁਸਾਰ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

4 :

ਰਿਪੋਰਟ ਸਿਹਤ ਸ਼ਾਖਾ ਕਿ ਸਵ: ਨਵੀਨ ਪੁੱਤਰ ਅਮੀ ਚੰਦ ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ। ਜਿਸ ਦੀ ਮੌਤ ਮਿਤੀ 15.08.2022 ਨੂੰ ਹੋਈ ਸੀ। ਮਿਤ੍ਰਕ ਕਰਮਚਾਰੀ ਦੇਪੁੱਤਰ ਸ਼੍ਰੀ ਗੋਰਵ ਪੁੱਤਰ ਸਵ: ਨਵੀਨ ਨੇ ਦਰਖਾਸਤ ਰਾਂਹੀ ਬੇਨਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਖਾਲੀ ਹੋਈ

ਆਸਾਮੀ ਤੇ ਤਸਰ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀਗੋਰਵਪੁੱਤਰਨਵੀਨ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਦੀ ਮਾਤਾ ਅਤੇ ਦੋ ਭਰਾ ਹਨ।ਜਿਹਨਾਂ ਵੱਲੋਂ ਇਤਰਾਜ਼ਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਗੋਰਵ ਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਗੋਰਵ ਅਤੇ ਉਸਦਾ ਪੂਰਾ ਪਰਿਵਾਰ ਆਪਣੇ ਪਿਤਾ ਤੇ ਨਿਰਭਰ ਸੀ। ਹਲਫੀਆ ਬਿਆਨ ਅਨੁਸਾਰ ਸ਼੍ਰੀ ਗੋਰਵਬੇਰੁਜ਼ਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਹਨਾਂ ਦੇ ਘਰ ਦਾ ਗੁਜਾਰਾ ਬਹੁਤ ਮੁਸ਼ਕਿਲ ਨਾਲ ਚੱਲਦਾ ਹੈ। ਹਲਫੀਆ ਬਿਆਨ ਅਨੁਸਾਰ ਇਹਨਾਂ ਦੇ ਘਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ-ਸਰਕਾਰੀ ਨੌਕਰੀ ਨਹੀਂਕਰਦਾ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਇਸਦੀ ਜਨਮ ਮਿਤੀ 19.11.2004 ਹੈ ਅਤੇਸ਼੍ਰੀ ਗੋਰਵ ਪੜ੍ਹਣਾ ਲਿਖਣਾ ਜਾਣਦਾ ਹੈ। **<u>ਇੱਥੇ ਇਹ ਦੱਸਣਯੋਗ ਹੈ ਕਿ ਸ਼੍ਰੀ ਗੌਰਵ ਵੱਲੋਂ ਨੌਕਰੀ ਸਬੰਧੀ ਦਿੱਤੀ ਦਰਖਾਸਤ ਤੇਸਬ ਕਮੇਟੀ ਦੇ ਫੈਸਲੇਅਨੁਸਾਰ ਸ਼੍ਰੀ ਗੋਰਵ ਦਾ ਜਨਮ ਦਾ ਸਰਟੀਫਿਕੇਟ ਮੰਗਿਆ ਗਿਆ ਸੀ ਅਤੇ ਹੁਣ ਉਕਤ ਦਸਤਾਵੇਜ ਪ੍ਰਾਪਤ ਕਰਕੇ ਕੇਸ ਨੂੰ ਦੁਆਰਾ ਪੇਸ਼ ਕੀਤਾ ਜਾ ਰਿਹਾ ਹੈ।</u>**

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ਼ 1984 ਅਨੁਸਾਰ ਸਫਾਈ ਸੇਵਕ ਆਸਾਮੀ ਲਈ ਵਿੱਦਿਅਕ ਯੋਗਤਾ ਪੜ੍ਹਣਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਪੱਤਰ ਨੰ: 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ । ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਗੋਰਵਨੂੰ ਉਸਦੇ ਪਿਤਾ ਸਵ: ਨਵੀਨ ਪੁੱਤਰ ਅਮੀ ਚੰਦ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਸਬ–ਕਮੇਟੀ ਦਾ ਫੈਸਲਾ:** | **ਦਫਤਰੀ ਰਿਪੋਰਟ ਅਤੇ ਸਰਕਾਰ ਦੇ ਨਿਯਮਾਂ/ ਹਦਾਇਤਾਂ ਅਨੁਸਾਰ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

<u>5 :</u>

ਰਿਪੋਰਟ ਸਿਹਤ ਸ਼ਾਖਾ ਕਿ ਸਵ: ਚਰਨ ਦਾਸ ਪੁੱਤਰ ਬਦਲੀ ਰਾਮ ਸਰਵਿਸ ਨੰਬਰ 811 ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ। ਜਿਸਦੀ ਮੌਤ ਮਿਤੀ 14.09.2022 ਨੂੰ ਹੋਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਅਤੁਲ ਕੁਮਾਰ ਪੁੱਤਰ ਸ਼੍ਰੀ ਚਰਨ ਦਾਸ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਅਤੁਲ ਕੁਮਾਰ ਪੁੱਤਰ ਸ਼੍ਰੀ ਚਰਨ ਦਾਸ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਤੋਂ ਇਲਾਵਾ ਉਸ ਦੀਆਂ ਤਿੰਨ ਭੈਣਾਂ ਅਤੇ ਇੱਕ ਭਰਾ ਹੈ।ਜਿੰਨ੍ਹਾਂ ਵੱਲੋਂ ਇਤਰਾਜ਼ਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਅਤੁਲ ਕੁਮਾਰ ਨੂੰ ਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਅਤੁਲ ਕੁਮਾਰ ਬੇਰੋਜ਼ਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇੰਨ੍ਹਾਂ ਦੇ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਚੱਲਦਾ ਹੈ ਅਤੇ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਆਧਾਰ ਕਾਰਡ ਅਨੁਸਾਰ ਇਸਦੀ ਜਨਮ ਮਿਤੀ 01.04.2003 ਹੈ ਅਤੇ ਸ਼੍ਰੀ ਅਤੁਲ ਕੁਮਾਰ ਪੜ੍ਹਨਾ ਲਿਖਣਾ ਜਾਣਦਾ ਹੈ। ਨਿਗਰਾਨ ਇੰਜੀਨੀਅਰ ਸਾਹਿਬ ਦੀ ਰਿਪੋਰਟ ਮਿਤੀ 26.06.2023 ਰਾਹੀਂ ਤਰਸ ਦੇ ਆਧਾਰ ਤੇ ਨੌਕਰੀ ਦੇਣ ਸਬੰਧੀ ਵਿਚਾਰਨ ਲਈ ਪਾਸ ਕੀਤਾ ਗਿਆ ਹੈ। **<u>ਇੱਥੇ ਇਹ ਦਸਣਯੋਗ ਹੈ ਕਿ ਉਮੀਦਵਾਰ ਵੱਲੋਂ ਦਿੱਤੀ ਦਰਖਾਸਤ ਵਿੱਚ ਆਪਣੇ ਦਾਦੇ ਦਾ ਨਾਮ ਬਦਰੂ ਰਾਮ ਲਿਖਿਆ ਹੋਇਆ ਹੈ ਪਰੰਤੂ ਦਫਤਰੀ ਰਿਕਾਰਡ ਵਿੱਚ ਨਾਮ ਬਦਲੂ ਰਾਮ ਹੈ।</u>**

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ਼ 1984 ਅਨੁਸਾਰ ਸਫਾਈ ਸੇਵਕ ਆਸਾਮੀ ਲਈ ਵਿੱਦਿਅਕ ਯੋਗਤਾ ਪੜ੍ਹਣਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਪੱਤਰ ਨੰ: 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ । ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਗਰ ਨਿਗਮ ਪਾਸ ਹੈ। ਇਸ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ

ਕਿ "Both parents of five children have expired. Four of these are unmarried. Two of unmarried children are girls. May be considered on compassionate ground. All 4 children are unemployed."

ਉਕਤ ਅਨੁਸਾਰਸ਼੍ਰੀ ਅਤੁਲ ਕੁਮਾਰ ਨੂੰ ਉਸਦੇ ਪਿਤਾ ਚਰਨ ਦਾਸ ਪੁੱਤਰ ਬਦਲੂ ਰਾਮ, ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਦਫਤਰੀ ਰਿਪੋਰਟ ਅਤੇ ਸਰਕਾਰ ਦੇ ਨਿਯਮਾਂ/ ਹਦਾਇਤਾਂ ਅਨੁਸਾਰ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

ਉਕਤ ਅਨੁਸਾਰ ਕਰਮਚਾਰੀਆਂ ਦੇ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ257: | **ਕਰਮਚਾਰੀਆਂ ਦੇ ਕੇਸਾਂ ਸਬੰਧੀ ਸਬ-ਕਮੇਟੀ ਵੱਲੋਂ ਲਏ ਗਏ ਫੈਸਲੇ ਪ੍ਰਵਾਨ ਹਨ।** |

ਇਸ ਉਪਰੰਤ ਮੀਟਿੰਗ ਧੰਨਵਾਦ ਨਾਲ ਖਤਮ ਕੀਤੀ ਗਈ।

ਸਹੀ/-
**ਮੇਅਰ**
**ਨਗਰ ਨਿਗਮ,ਬਠਿੰਡਾ।**